P.O. Regn. G/CHD/0090/2021-2023 ਭੇਟਾ 10/-

# ਗੁਰਬਾਣੀ ਚਾਨਣੁ

ਅੰਕ 10 ਨਾਨਕਸ਼ਾਹੀ ਸੰਮਤ 555 ਅੱਸੂ/ਕੱਤਕ ਅਕਤੂਬਰ, 2023 ਸਾਲ 41

## ਪਉੜੀ ॥

ਏਕਾਦਸੀ ਨਿਕਟਿ ਪੇਖਹੁ ਹਰਿ ਰਾਮੁ ॥ ਇੰਦ੍ਰੀ ਬਸਿ ਕਰਿ ਸੁਣਹੁ ਹਰਿ ਨਾਮੁ ॥ ਮਨਿ ਸੰਤੋਖੁ ਸਰਬ ਜੀਅ ਦਇਆ ॥ ਇਨ ਬਿਧਿ ਬਰਤੁ ਸੰਪੂਰਨ ਭਇਆ ॥ ਧਾਵਤ ਮਨੁ ਰਾਖੈ ਇਕ ਠਾਇ ॥ ਮਨੁ ਤਨੁ ਸੁਧੁ ਜਪਤ ਹਰਿ ਨਾਇ ॥ ਸਭ ਮਹਿ ਪੂਰਿ ਰਹੇ ਪਾਰਬ੍ਰਹਮ ॥ ਨਾਨਕ ਹਰਿ ਕੀਰਤਨੁ ਕਰਿ ਅਟਲ ਏਹੁ ਧਰਮ ॥੧੧॥ (ਅੰਗ-੨੯੯)

'ਗੁਰਬਾਣੀ ਇਸੁ ਜਗ ਮਹਿ ਚਾਨਣੁ'
ਪ੍ਰਚਾਰ ਤੇ ਪ੍ਰਸਾਰ ਸੰਸਥਾ
ਭਵਨ ਨੰ. 6, ਫੇਜ 3-ਏ, ਐਸ.ਏ.ਐਸ.ਨਗਰ (ਮੋਹਾਲੀ)
ਫੋਨ ਨੰ. 0172-2913729, 98156-50812

ੴ ਸਤਿਗੁਰ ਪ੍ਰਸਾਦਿ ॥

**ਤੂ ਸੁਲਤਾਨੁ ਕਹਾ ਹਉ ਮੀਆ ਤੇਰੀ ਕਵਨ ਵਡਾਈ ॥**
**ਜੋ ਤੂ ਦੇਹਿ ਸੁ ਕਹਾ ਸੁਆਮੀ ਮੈ ਮੂਰਖ ਕਹਣੁ ਨ ਜਾਈ ॥**

(ਰਾਗੁ ਬਿਲਾਵਲੁ ਮਹਲਾ ੧ ਚਉਪਦੇ ਘਰੁ ੧ ॥, ਅੰਗ-੭੯੬)


ਸੰਸਥਾ ਦੇ ਕਾਰਜਾਂ ਲਈ ਬੈਂਕ ਵਿੱਚ ਸਹਾਇਤਾ ਰਾਸ਼ੀ ਭੇਜਣ ਲਈ ਪਤਾ :

Bank A/C Name : Gurbani Iss Jag Meh Chanan
Bank Name : Panjab National Bank (Phase-1, Mohali)
Bank A/c No : 1155000100132409
IFSC Code : PUNB0040810
SWIFT Code (FOR FOREIGN REMITTENCE) : PUNBINBBMOH



Ph.No. 0172-2913729, 98156-50812 Web : www.gurbanichanan.org
E-mail : gurbanichanan1125@gmail.com



**ਬਾਨੀ (Founder) : ਗੁਰਪੁਰਵਾਸੀ ਭਾਈ ਸਾਹਿਬ ਭਾਈ ਸਰਦਾਰਾ ਸਿੰਘ ਜੀ**
**ਮੁੱਖ ਸੇਵਾਦਾਰ : ਸ.ਕੁਲਬੀਰ ਸਿੰਘ**
**ਮੁੱਖ ਸੰਪਾਦਕ : ਡਾ.ਪਰਮਜੀਤ ਸਿੰਘ ਸਹਿ ਸੰਪਾਦਕ : ਡਾ.ਗੁਰਬਚਨ ਸਿੰਘ**
**ਸੰਪਾਦਕੀ ਬੋਰਡ : ਸ.ਹਰੀ ਸਿੰਘ ਕੁਵੈਤ ਵਾਲੇ, ਸ.ਗੁਲਜਾਰ ਸਿੰਘ**


## ਤਤਕਰਾ


| | | |
|---|---|---|
| 1. ਕੋਟਿ ਮਧੇ ਕੋ ਵਿਰਲਾ ਸੇਵਕੁ ਹੋਰਿ ਸਗਲੇ ਬਿਉਹਾਰੀ | ਡਾ.ਪਰਮਜੀਤ ਸਿੰਘ | 03 |
| 2. ਤਜਿਐ ਅੰਨਿ ਨ ਮਿਲੈ ਗੁਪਾਲੁ | ਭਾਈ ਸਾਹਿਬ ਭਾਈ ਸਰਦਾਰਾ ਸਿੰਘ ਜੀ | 12 |
| 3. ਸ਼ਹੀਦ ਭਾਈ ਤਾਰੂ ਸਿੰਘ (ਕਵਿਤਾ) | ਸ.ਹਰਜਿੰਦਰ ਸਿੰਘ | 18 |
| 4. ਮੋਹ | ਸ.ਪਰਮਜੀਤ ਸਿੰਘ | 19 |
| 5. ਅਕਾਲ ਪੁਰਖ | ਸ.ਸੁਖਬੰਸ ਸਿੰਘ | 26 |
| 6. ਸੰਤ ਸਿਪਾਹੀ ਬਾਬਾ ਬੀਰ ਸਿੰਘ ਜੀ ਨੌਰੰਗਾਬਾਦੀ | ਡਾ.ਗੁਰਬਚਨ ਸਿੰਘ | 30 |
| 7. ਖਬਰਾਵਲੀ | ਸੰਪਾਦਕ | 35 |



ਨੋਟ : ਪਰਚੇ ਵਿਚ ਛਪੇ ਲੇਖਾਂ ਵਿਚ ਲੇਖਕਾਂ ਦੇ ਆਪਣੇ ਵਿਚਾਰ ਹਨ। ਬੇਸ਼ਕ ਸਾਰੇ ਲੇਖ ਪੂਰੀ ਛਾਣ-ਬੀਨ ਤੋਂ ਬਾਅਦ ਛਾਪੇ ਜਾਂਦੇ ਹਨ, ਪਰ ਫੇਰ ਵੀ ਸੰਪਾਦਕੀ ਬੋਰਡ ਦਾ ਇਨ੍ਹਾਂ ਨਾਲ ਸਹਿਮਤ ਹੋਣਾ ਜਰੂਰੀ ਨਹੀਂ ।



ਪ੍ਰਿੰਟਰ ਅਤੇ ਪਬਲਿਸ਼ਰ **ਡਾ.ਪਰਮਜੀਤ ਸਿੰਘ ਨੇ "ਗੁਰਬਾਣੀ ਇਸੁ ਜਗ ਮਹਿ ਚਾਨਣੁ"** ਪ੍ਰਚਾਰ ਤੇ ਪ੍ਰਸਾਰ ਸੰਸਥਾ ਵਾਸਤੇ ਮਜੈਸਟਿਕ ਪ੍ਰਿੰਟਿੰਗ ਪ੍ਰੈਸ, ਮੋਹਾਲੀ ਤੋਂ ਛਪਵਾ ਕੇ ਸੰਸਥਾ ਦੇ ਦਫਤਰ ਭਵਨ ਨੰ.6, ਫੇਜ਼-3-ਏ, ਮੋਹਾਲੀ (ਪੰਜਾਬ) ਤੋਂ ਪ੍ਰਕਾਸ਼ਿਤ ਕੀਤਾ।

# ਕੋਟਿ ਮਧੇ ਕੋ ਵਿਰਲਾ ਸੇਵਕੁ ਹੋਰਿ ਸਗਲੇ ਬਿਉਹਾਰੀ

ਵਿਆਖਿਆਕਾਰ ਡਾ.ਪਰਮਜੀਤ ਸਿੰਘ, ਮੋ. 87259-00257

ਗੁਰਬਾਣੀ ਦੀ ਇਸ ਤੁਕ ਦੀ ਵਿਚਾਰ ਕਰਦਿਆਂ ਅਸੀਂ ਪ੍ਰਤੀਤ ਕਰ ਰਹੇ ਹਾਂ ਕਿ ਸਤਿਗੁਰੂ ਜੀ ਨੇ ਇੱਥੇ ਦੋ ਪੱਖਾਂ ਦਾ ਜ਼ਿਕਰ ਕੀਤਾ ਹੈ। ਇਕ ਹੈ ਸੇਵਕੁ ਅਤੇ ਦੂਜੇ ਹਨ ਬਿਉਹਾਰੀ।

ਇਥੇ 'ਸਗਲੇ' ਸ਼ਬਦ ਬਹੁ-ਵਚਨ ਦੇ ਰੂਪ ਵਿੱਚ ਆਇਆ ਹੈ ਅਰਥਾਤ ਗੁਰੂ ਜੀ ਦਰਸਾ ਰਹੇ ਹਨ ਕਿ ਸੰਸਾਰ ਦੇ ਸਾਰੇ ਲੋਕ ਬਿਉਹਾਰੀ ਹਨ ਪਰ ਕਰੋੜਾਂ ਵਿਚੋਂ ਕੋਈ ਵਿਰਲਾ ਹੀ ਸੇਵਕ ਬਣਕੇ ਸੇਵ ਕਮਾਉਂਦਾ ਹੈ। ਪਹਿਲਾਂ ਅਸੀਂ ਇਸ ਸ਼ਬਦ ਦੇ ਬਿਉਹਾਰੀ ਪੱਖ ਉੱਪਰ ਵਿਚਾਰ ਕਰਦੇ ਹਾਂ। ਬਿਉਹਾਰੀ, ਵਪਾਰੀ ਸ਼ਬਦ ਇੱਕੋ ਸ਼ਬਦ ਦੇ ਸਮਅਰਥੀ ਹਨ, ਜਿਨ੍ਹਾਂ ਦਾ ਅਰਥ ਵਪਾਰ ਅਥਵਾ ਲੈਣ-ਦੇਣ ਜਾਂ ਦੇਣ-ਲੈਣ ਤੋਂ ਹੈ। ਸਾਰਾ ਸੰਸਾਰ ਇਸੇ ਬਿਰਤੀ ਤੇ ਹੀ ਖੜ੍ਹਾ ਹੈ :-

ਐਸਾ ਜਗੁ ਦੇਖਿਆ ਜੁਆਰੀ ॥ ਸਭਿ ਸੁਖ ਮਾਗੈ ਨਾਮੁ ਬਿਸਾਰੀ ॥ (ਅੰਗ-੨੨੨)

ਸਾਡੇ ਸਾਰੇ ਦੁਨਿਆਵੀ ਰਿਸ਼ਤੇ ਜਾਂ ਸੰਬੰਧ ਕੇਵਲ ਤੇ ਕੇਵਲ ਲੈਣ-ਦੇਣ ਜਾਂ ਦੇਣ-ਲੈਣ ਦੀ ਬਿਰਤੀ ਨਾਲ ਹੀ ਜੁੱੜੇ ਹੋਏ ਹਨ। ਇਹ ਆਮ ਵੇਖਣ ਦੀ ਗੱਲ ਹੈ ਕਿ ਦੁਨੀਆਂ ਵਿੱਚ ਸਾਰੇ ਰਿਸ਼ਤੇ ਬਰਾਬਰ ਦਿਆਂ ਨਾਲ ਹੀ ਜੁੱੜੇ ਹੋਏ ਹਨ। ਅਸੀਂ ਉਸ ਰਿਸ਼ਤੇਦਾਰ-ਸੰਬੰਧੀ ਅਤੇ ਮਿੱਤਰ ਨਾਲ ਸੰਬੰਧ ਰੱਖਦੇ ਹਾਂ ਜਿਸ ਤੋਂ ਸਾਨੂੰ ਆਸ ਹੁੰਦੀ ਹੈ ਕਿ ਉਹ ਸਾਡੇ ਬਰਾਬਰ ਦਾ ਹੋ ਕੇ ਜਾਂ ਕੁੱਝ ਹੱਦ ਤਕ ਵੱਧ ਹੋ ਕੇ ਹੀ ਵਰਤੇਗਾ। ਆਪਣੇ ਤੋਂ ਨੀਵੇਂ ਦਰਜੇ ਨਾਲ ਕੋਈ ਸੰਬੰਧ ਬਣਾ ਕੇ ਰਾਜੀ ਨਹੀਂ ਹੁੰਦਾ। ਕਈਂ ਵਾਰੀ ਅਜਿਹਾ ਵੀ ਹੁੰਦਾ ਹੈ ਕਿ ਜੇਕਰ ਕੋਈ ਸੰਬੰਧੀ ਗਰੀਬ ਜਾਂ ਰੁਤਬੇ ਵਿੱਚ ਸਾਥੋਂ ਨੀਵਾਂ ਹੋਵੇ ਤਾਂ ਅਸੀਂ ਉਸ ਨਾਲ ਆਪਣਾ ਸੰਬੰਧ ਜੋੜ ਕੇ ਰਾਜੀ ਨਹੀਂ ਹੁੰਦੇ। ਲੋਕਾਚਾਰੀ ਲਈ ਭਾਵੇ ਉਪਰੋਂ ਉਪਰੋਂ ਉਸ ਨਾਲ ਸੰਬੰਧ ਮਜਬੂਰੀ ਵਿੱਚ ਜਤਾਉਂਦੇ ਹਾਂ ਪਰ ਦਿਲੋਂ ਉਸ ਨਾਲ ਮੇਲ ਨਾ ਹੋਣ ਕਰਕੇ ਉਸ ਨਾਲ ਕੋਈ ਸੰਬੰਧ ਉਜਾਗਰ ਵੀ ਹੋਣ ਨਹੀਂ ਦਿੰਦੇ। ਇਸ ਦੇ ਉਲਟ ਜੇਕਰ ਕੋਈ ਵਿਅਕਤੀ ਚੰਗਾ ਅਮੀਰ ਹੋਵੇ, ਸਮਾਜ ਵਿੱਚ ਉਸਦੀ ਚੰਗੀ ਮਾਣ ਪ੍ਰਤਿਸ਼ਠਾ ਹੋਵੇ, ਕਿਸੇ ਉੱਚੇ ਅਹੁਦੇ ਤੇ ਲੱਗਾ ਹੋਵੇ ਜਾਂ ਰਾਜਨੀਤਿਕ ਤੌਰ ਤੇ ਉਸਦਾ ਵਿਸ਼ੇਸ਼ ਰੁਤਬਾ ਹੋਵੇ ਤਾਂ ਫਿਰ ਅਸੀਂ ਭਾਵੇਂ ਦੂਰ ਦਾ ਹੀ ਸੰਬੰਧੀ ਹੋਵੇ ਉਸ ਨਾਲ ਆਪਣਾ ਨੇੜੇ ਦਾ ਰਿਸ਼ਤਾ ਬਣਾ ਕੇ ਲੋਕਾਂ ਵਿੱਚ ਜ਼ਾਹਰ ਕਰਦੇ ਹਾਂ

ਕਿ ਅਸੀਂ ਫਲਾਣੇ ਰੁਤਬੇ ਵਾਲੇ ਵਿਅਕਤੀ ਦੇ ਰਿਸ਼ਤੇਦਾਰ ਹਾਂ ਤੇ ਇਸ ਵਿੱਚ ਆਪਣੀ ਫੋਕੀ ਵਡਿਆਈ ਤੇ ਸ਼ੋਹਰਤ ਜਤਾਉਂਣ ਦਾ ਉਪਰਾਲਾ ਕਰਦੇ ਹਾਂ। ਇਸ ਸਭ ਕੁਝ ਪਿੱਛੇ ਮਨੁੱਖ ਦੀ 'ਬਿਉਹਾਰੀ' ਬਿਰਤੀ ਹੀ ਕੰਮ ਕਰ ਰਹੀ ਹੁੰਦੀ ਹੈ :-

ਨਿਰਧਨ ਆਦਰੁ ਕੋਈ ਨ ਦੇਇ ॥ਲਾਖ ਜਤਨ ਕਰੈ ਓਹੁ ਚਿਤਿ ਨ ਧਰੇਇ ॥੧॥ ਰਹਾਉ ॥ ਜਉ ਨਿਰਧਨੁ ਸਰਧਨ ਕੈ ਜਾਇ ॥ ਆਗੇ ਬੈਠਾ ਪੀਠਿ ਫਿਰਾਇ॥੧॥ ਜਉ ਸਰਧਨੁ ਨਿਰਧਨ ਕੈ ਜਾਇ ॥ ਦੀਆ ਆਦਰੁ ਲੀਆ ਬੁਲਾਇ ॥੨॥ (ਅੰਗ-੧੧੫੯)

ਅੱਜ ਕਲ੍ਹ ਸਮਾਜ ਵਿੱਚ ਜਿਹੜੇ ਵਿਆਹ ਸ਼ਾਦੀਆਂ ਦੇ ਰਿਸ਼ਤੇ ਜੁੜ ਰਹੇ ਹਨ, ਉਹ ਵੀ ਮਨੁੱਖ ਦੀ ਇਸੇ ਬਿਰਤੀ ਨਾਲ ਜੁੱੜੇ ਹੋਏ ਹਨ। ਅੱਜ ਹਰ ਮਨੁੱਖ ਦਾ ਇਸ ਗੱਲ ਉੱਤੇ ਜੋਰ ਲੱਗਾ ਹੋਇਆ ਹੈ ਕਿ ਉਹ ਕਿਸੇ ਵੀ ਔਖ ਸੌਖ ਨੂੰ ਝੱਲ ਕੇ ਆਪਣੇ ਲੜਕੇ ਨੂੰ ਇਤਨੀ ਕੁ ਉੱਚੀ ਵਿਦਿਆ ਦਿਵਾ ਦੇਵੇ ਜਿਸ ਨਾਲ ਕਿ ਉਹ ਇੱਕ ਚੰਗੇ ਰੁਜ਼ਗਾਰ ਤੇ ਲੱਗ ਜਾਵੇ ਤੇ ਫਿਰ ਵੱਡੇ ਵੱਡੇ ਮੋਟੀਆਂ ਰਕਮਾਂ ਦੇਣ ਵਾਲੇ ਲੋਕ ਉਸ ਨਾਲ ਰਿਸ਼ਤਾ ਜੋੜਨ ਲਈ ਕਤਾਰ ਲੱਗਾ ਲੈਣਗੇ। ਹਰ ਗਰੀਬ ਤੋਂ ਗਰੀਬ ਵਿਅਕਤੀ ਦੀ ਵੀ ਇਹੀ ਸੋਚ ਹੈ ਕਿ ਉਹ ਲੜਕੇ ਦੇ ਰਾਹੀਂ ਫਿਰ ਦੂਜਿਆਂ ਪਾਸੋਂ ਧਨ ਲੁੱਟ ਸਕੇਗਾ। ਇਸੇ ਕਾਰਣ ਹੀ ਅੱਜ ਦਹੇਜ ਪ੍ਰਥਾ ਆਪਣਾ ਇੰਨਾ ਵੱਡਾ ਜਾਲ ਪਸਾਰ ਚੁੱਕੀ ਹੈ ਕਿ ਸਾਰੇ ਵਿਚਾਰਵਾਨ, ਸਿਆਣੇ ਮਨੁੱਖ ਤੇ ਧਰਮੀ ਪੁਰਸ਼ ਇਸ ਪ੍ਰਥਾ ਦੇ ਵਿਰੁੱਧ ਪ੍ਰਚਾਰ ਕਰ ਕੇ ਹਾਰ ਚੁੱਕੇ ਹਨ, ਪਰ ਇਹ ਪ੍ਰਥਾ ਖਤਮ ਹੋਣ ਦੀ ਥਾਂ ਸਗੋਂ ਵਧੇਰੇ ਪਸਰ ਰਹੀ ਹੈ ਜਿਸ ਨਾਲ ਸਮਾਜ ਗੰਧਲਾ ਹੁੰਦਾ ਜਾ ਰਿਹਾ ਹੈ। ਗਰੀਬ ਆਦਮੀ ਲਈ ਲੜਕੀ ਦਾ ਵਿਆਹ ਕਰਨਾ ਇੱਕ ਮੁਸੀਬਤ ਬਣਦਾ ਜਾ ਰਿਹਾ ਹੈ। ਇਥੋਂ ਤਕ ਕਿ ਸਮਾਜ ਦੇ ਮੱਧ ਵਰਗੀ ਪਰਿਵਾਰ ਵੀ ਇਸ ਪ੍ਰਥਾ ਤੋਂ ਬੜੇ ਦੁੱਖੀ ਹਨ ਪਰ ਉਹ ਸਮਾਜ ਵਿੱਚ ਆਪਣਾ ਨੱਕ ਰੱਖਣ ਦੀ ਖਾਤਰ ਸ਼ਰਮੋਂ ਸ਼ਰਮੀ ਇਸ ਨੂੰ ਨਿਭਾਈ ਜਾ ਰਹੇ ਹਨ। ਪਰ ਇਸ ਪ੍ਰਥਾ ਦਾ ਇੱਕ ਬਹੁਤ ਵੱਡਾ ਪਰਭਾਵ ਇਹ ਵੇਖਣ ਨੂੰ ਮਿਲ ਰਿਹਾ ਹੈ ਕਿ ਅੱਜ ਧੀਆਂ ਨੂੰ ਮਾਂ ਦੇ ਪੇਟ ਵਿੱਚ ਹੀ (ਭਰੂਣ-ਹੱਤਿਆ ਕਰਕੇ) ਮਾਰਿਆ ਜਾ ਰਿਹਾ ਹੈ ਤੇ ਸਮਾਜ ਵਿੱਚ ਲੜਕੀਆਂ ਦੀ ਸੰਖਿਆ ਦਿਨੋ ਦਿਨ ਘਟਦੀ ਜਾ ਰਹੀ ਹੈ। ਦੇਸ਼ ਦੇ ਕਈ ਪ੍ਰਾਂਤਾਂ ਖਾਸ ਕਰਕੇ ਪੰਜਾਬ/ਹਰਿਆਣਾ ਵਿੱਚ ਤਾਂ ਹੋਰ ਵੀ ਭੈੜੀ ਦਸ਼ਾ ਹੈ। ਇਸ ਨਾਲ ਸਾਡਾ ਸਮਾਜਿਕ ਸੰਤੁਲਨ ਵਿਗੜ ਰਿਹਾ ਹੈ। ਅਸੀਂ ਕੁਦਰਤ ਦੇ ਵਰਤਾਰੇ ਵਿੱਚ ਖਲਨ ਪਾ ਕੇ ਆਪ ਹੀ ਦੁੱਖੀ ਹੋ ਰਹੇ ਹਾਂ। ਕੁਦਰਤ ਨਾਲ ਛੇੜ ਛਾੜ ਦੁੱਖਾਂ ਦੇ ਭੰਡਾਰ ਹਨ।

ਅੱਜ ਮਨੁੱਖ ਦੀ ਹਾਲਤ ਇਹ ਬਣ ਗਈ ਹੈ ਕਿ 'ਕੰਮ ਦਾ ਸਥਾਨ' ਜਿਸ ਨੂੰ ਬਾਹਰੋਂ ਭਾਵੇ ਉਹ ਪੂਜਾ ਦਾ ਸਥਾਨ ਸਮਝਦਾ ਹੈ ਕਿਉਂਕਿ ਉਸ ਸਥਾਨ ਰਾਹੀਂ ਉਸ ਦਾ ਗੁਜਾਰਾ

ਚਲਦਾ ਹੈ ਪਰ ਆਪਣੀ ਲਾਲਚੀ ਬਿਰਤੀ ਦੇ ਵੱਸ ਪੈ ਕੇ ਮਨੁੱਖ ਉਸ ਨੂੰ ਵੀ ਰਿਸ਼ਵਤ ਦਾ ਘਰ ਬਣਾਈ ਬੈਠਾ ਹੈ। ਅੱਜ ਜਿੱਥੇ ਵੀ ਕਿਤੇ ਕਿਸੇ ਵੀ ਦਫ਼ਤਰ ਵਿੱਚ ਚਲੇ ਜਾਵੋ ਉਸ ਸੀਟ ਤੇ ਬੈਠਾ ਬੰਦਾ ਹਰ ਆਉਂਣ ਵਾਲੇ ਕੰਮ ਕਾਰ ਦੇ ਬੰਦੇ ਨੂੰ ਮੁਰਗੀ ਸਮਝ ਕੇ ਹਲਾਲ ਕਰਨ ਤੇ ਲੱਗਾ ਹੈ ਤੇ ਬਿਨਾਂ ਰਿਸ਼ਵਤ ਲਏ ਉਸ ਦਾ ਕੰਮ ਕਰਨ ਨੂੰ ਤਿਆਰ ਨਹੀਂ। ਜੇ ਕੋਈ ਰਿਸ਼ਵਤ ਨਹੀਂ ਦੇਂਦਾ ਤਾਂ ਉਸ ਦੇ ਕੰਮ ਨੂੰ ਟਰਕਾਇਆ ਜਾਂਦਾ ਹੈ ਤੇ ਦਿਨਾਂ ਦਾ ਕੰਮ ਕਈ ਹਫਤਿਆਂ ਵਿੱਚ ਕਰ ਕੇ ਦਿੱਤਾ ਜਾਂਦਾ ਹੈ। ਕਈ ਵਾਰੀ ਤਾਂ ਸਾਫ ਜੁਆਬ ਦੇ ਦਿੱਤਾ ਜਾਂਦਾ ਹੈ ਕਿ ਤੁਹਾਡਾ ਇਹ ਕੰਮ ਹੋ ਨਹੀਂ ਸਕਦਾ। ਤੁਸੀਂ ਕਿਸ ਪਾਸ ਫਰਿਆਦ ਲੈ ਕੇ ਜਾਵੋਗੇ, ਉਪਰ ਤਕ ਸਾਰੇ ਪਾਸੇ ਭ੍ਰਿਸ਼ਟਾਚਾਰ ਤੇ ਰਿਸ਼ਵਤ ਖੋਰੀ ਦਾ ਬੋਲ ਬਾਲਾ ਹੈ। ਇਨਸਾਨ ਦੀ ਬੇਇਨਸਾਫ਼ ਤੇ ਬਲੀ ਚੜ੍ਹਾਦੀ ਜਾਂਦੀ ਹੈ। ਇਹ ਮਨੁੱਖ ਦੀ ਵਾਪਾਰਿਕ 'ਬਿਉਹਾਰੀ' ਬਿਰਤੀ ਕਾਰਨ ਹੋ ਰਿਹਾ ਹੈ।

ਗੁਰੂ ਨਾਨਕ ਨੇ ਕਾਜ਼ੀਆਂ ਬਾਰੇ ਕਿਹਾ ਸੀ ਕਿ ਉਹ ਰਿਸ਼ਵਤੀ ਹਨ ਤੇ ਵੱਢੀ ਲੈ ਕੇ ਹੱਕ ਗੁਆ ਦਿੰਦੇ ਹਨ ਪਰ ਅੱਜ ਵੀ ਅਜਿਹੇ ਹੀ ਹਾਲਾਤ ਹਨ। ਅੱਜ ਕੋਰਟ-ਕਚਹਿਰੀਆਂ ਵਿੱਚ ਵੀ ਅਜਿਹੀ ਦਸ਼ਾ ਬਣੀ ਹੋਈ ਹੈ। ਇਨਸਾਫ ਵੀ ਮੁੱਲ ਵਿਕਦਾ ਹੈ, ਕਿਸੇ ਪਾਸ ਖ੍ਰੀਦਣ ਦੀ ਹੈਸੀਅਤ ਚਾਹੀਦੀ ਹੈ :-

ਕਾਜੀ ਹੋਇ ਕੈ ਬਹੈ ਨਿਆਇ ॥ ਫੇਰੇ ਤਸਬੀ ਕਰੇ ਖੁਦਾਇ ॥
ਵਢੀ ਲੈ ਕੈ ਹਕੁ ਗਵਾਏ ॥ (ਅੰਗ-੯੫੧)
ਕਾਜ਼ੀ ਹੋਏ ਰਿਸ਼ਵਤੀ ਵੱਢੀ ਲੈਕੇ ਹੱਕ ਗਵਾਈ ॥ (ਭਾਈ ਗੁਰਦਾਸ ਜੀ, ਵਾਰ ੧/੩੦)

ਇਸ ਤਰ੍ਹਾਂ ਸਮੁੱਚੇ ਸਮਾਜ ਵਿੱਚ ਮਨੁੱਖ ਦਾ ਜੋ ਵਰਤਾਰਾ ਨਜ਼ਰ ਆ ਰਿਹਾ ਹੈ ਉਹ ਮਨੁੱਖ ਦੀ ਇਸ ਬਿਉਹਾਰੀ ਬਿਰਤੀ ਅਰਥਾਤ ਲੈਣ-ਦੇਣ, ਅਥਵਾ ਦੇਣ-ਲੈਣ ਕਰਕੇ ਹੈ। ਸੋ ਅੱਜ ਦੇ ਮਨੁੱਖ ਦਾ ਸੁਭਾਅ ਹੀ 'ਬਿਉਹਾਰੀ' ਕਹਿ ਲਿਆ ਜਾਵੇ ਤਾਂ ਕੋਈ ਝੂਠ ਨਹੀਂ ਹੈ।

ਇਸ ਬਿਉਹਾਰੀ ਬਿਰਤੀ ਦੇ ਸੁਭਾਅ ਨੂੰ ਹੁਣ ਮਨੁੱਖ ਧਾਰਮਿਕ ਖੇਤਰ ਵਿੱਚ ਵੀ ਵਰਤ ਰਿਹਾ ਹੈ। ਮਨੁੱਖ ਆਪਣੀਆਂ ਲੋੜਾਂ-ਥੁੜਾਂ ਦੀ ਪੂਰਤੀ ਲਈ, ਦੁੱਖਾਂ-ਕਲੇਸ਼ਾਂ ਨੂੰ ਦੂਰ ਕਰਨ ਲਈ, ਘਰ ਵਿੱਚ ਸੁੱਖ-ਸ਼ਾਂਤੀ ਦੇ ਵਰਤਾਰੇ ਲਈ ਅਕਸਰ ਗੁਰੂ ਦੇ ਦਰ ਤੇ ਗੁਰਦੁਆਰੇ, ਕਿਸੇ ਮੰਦਰ ਜਾਂ ਕਿਸੇ ਹੋਰ ਪੂਜਾ ਦੇ ਸਥਾਨ ਤੇ ਕੇਵਲ ਤੇ ਕੇਵਲ ਇਸ ਆਸ਼ੇ ਨਾਲ ਜਾਂਦਾ ਹੈ ਕਿ ਉੱਥੋਂ ਉਸ ਦੀ ਮਨੋ-ਕਾਮਨਾ ਪੂਰੀ ਹੋ ਜਾਵੇਗੀ। ਉਹ ਉਸ ਸਥਾਨ ਤੇ ਜਾ ਕੇ ਸੰਬੰਧਿਤ ਦੇਵੀ-ਦੇਵਤਾ ਜਾਂ ਕਿਸੇ ਸਾਧ ਦੇ ਡੇਰੇ ਤੇ ਜਾਕੇ ਉਸ ਪਾਸੋਂ ਆਪਣੀਆਂ ਮਨੋ ਕਾਮਨਾਵਾਂ ਦੀ ਪੂਰਤੀ ਲਈ ਕਈ ਤਰ੍ਹਾਂ ਦੀਆਂ ਸੁੱਖਣਾ ਸੁੱਖ ਕੇ, ਜਾਂ ਭੇਟਾਵਾਂ (ਰਿਸ਼ਵਤ ਰੂਪ ਵਿੱਚ) ਦੇ ਕੇ ਉਸਨੂੰ ਪ੍ਰਸੰਨ ਕਰਨ ਦਾ ਜਤਨ ਕਰਦਾ ਹੈ। ਅੱਜ ਮੰਦਰਾਂ ਤੇ

ਗੁਰਦਵਾਰਿਆਂ ਵਿੱਚ ਲੱਗ ਰਹੇ ਸੰਗਮਰਮਰ, ਵੱਡੇ-੨ ਆਲੀਸ਼ਾਨ ਸੁਨਹਿਰੇ ਗੁੰਬਦ ਤੇ ਵਧੀਆ ਤੋਂ ਵਧੀਆ ਭੰਡਾਰੇ ਅਥਵਾ ਲੰਗਰ ਮਨੁੱਖ ਦੀ ਇਸੇ ਦੁਕਾਨਦਾਰੀ ਬਿਉਹਾਰੀ ਬਿਰਤੀ ਦਾ ਹੀ ਫਲਸਰੂਪ ਹਨ। ਅੱਜ ਮੰਦਰਾਂ ਤੇ ਗੁਰਦਵਾਰਿਆਂ ਵਿੱਚ ਅਥਾਹ ਧਨ ਜਮ੍ਹਾਂ ਹੁੰਦਾ ਜਾਂਦਾ ਹੈ ਤੇ ਫਿਰ ਉਸ ਧਨ ਲਈ ਕਮੇਟੀਆਂ ਤੇ ਪ੍ਰਬੰਧਕਾਂ ਦੇ ਆਪਸੀ ਝਗੜੇ ਹੁੰਦੇ ਹਨ।

ਇਹ ਸਭ ਮਨੁੱਖ ਦੀ ਬਿਉਹਾਰੀ ਬਿਰਤੀ ਦੇ ਹੀ ਨਤੀਜੇ ਹਨ। ਇਕ ਕਮੇਟੀ ਦੂਜੀ ਕਮੇਟੀ ਉੱਤੇ ਅਨੇਕਾਂ ਦੋਸ਼ ਲਾ ਕੇ ਉਸ ਨੂੰ ਹਟਾ ਕੇ ਆਪ ਕਾਬਜ ਹੋਣਾ ਚਾਹੁੰਦੀ ਹੈ। ਕੋਰਟਾਂ, ਕਚਹਿਰੀਆਂ ਵਿੱਚ ਵੀ ਇਨ੍ਹਾਂ ਕਮੇਟੀਆਂ ਦੇ ਕੇਸ ਜਾਂਦੇ ਹਨ ਤਾਂ ਫਿਰ ਦੱਸੋ ਇਹ ਕਿਹੜੇ ਦੇਵਤੇ ਜਾਂ ਗੁਰੂ ਦੀ ਸੇਵਾ ਕੀਤੀ ਜਾ ਰਹੀ ਹੈ।

ਮਨੁੱਖ ਗੁਰੂ ਘਰ ਵੀ ਗੁਰੂ ਦੀ ਖਾਤਰ, ਗੁਰੂ ਦੀ ਤਲਾਸ਼ ਤੇ ਗਿਆਨ ਪ੍ਰਾਪਤੀ ਰਾਹੀਂ ਮਿਲਾਪ ਦੀ ਖਾਤਰ ਨਹੀਂ ਜਾਂਦਾ, ਕੇਵਲ ਰਸਮੀ ਆਪਣੀ ਬਣ ਚੁੱਕੀ ਆਸ਼ਾ ਤ੍ਰਿਸ਼ਨਾ ਦੀ ਬਿਉਹਾਰੀ ਬਿਰਤੀ ਖਾਤਰ ਹੀ ਜਾਂਦਾ ਹੈ। ਇਸੇ ਲਈ ਹੀ ਤਾਂ ਗੁਰੂ ਸਾਹਿਬ ਨੂੰ ਕਹਿਣਾ ਪਿਆ ਕਿ 'ਹੋਰਿ ਸਗਲੇ ਬਿਉਹਾਰੀ'।

ਪਰ ਬਿਉਹਾਰੀ ਬਿਰਤੀ ਦਾ ਫਸਿਆ ਹੋਇਆ ਮਨੁੱਖ ਦਾ ਸੁਭਾਅ ਐਸਾ ਬਣ ਜਾਂਦਾ ਹੈ ਕਿ ਜੇਕਰ ਉਸਦੀ ਮਨੋਕਾਮਨਾ ਇੱਕ ਸਥਾਨ ਤੋਂ ਪੂਰੀ ਨਹੀਂ ਹੁੰਦੀ ਤਾਂ ਦੂਜੇ ਸਥਾਨ ਵਲ ਦੌੜਦਾ ਹੈ। ਇਸੇ ਤਰ੍ਹਾਂ ਕਈ ਵਾਰੀ ਦੂਜੇ ਤੋਂ ਤੀਜੇ ਅਤੇ ਤੀਜੇ ਤੋਂ ਚੌਥੇ। ਮਨੁੱਖ ਦੀ ਇਸੇ ਬਿਰਤੀ ਦਾ ਲਾਭ ਢੋਂਗੀ ਬਾਬੇ ਜਾ ਸਾਧੂ ਉਠਾਉਂਦੇ ਹਨ ਤੇ ਉਨ੍ਹਾਂ ਦੇ ਡੇਰੇ ਪ੍ਰਫੁੱਲਤ ਹੋ ਰਹੇ ਹਨ, ਜਦੋਂ ਕਿ ਸੱਚੇ ਗੁਰੂ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਸਰੂਪ ਹਰ ਗੁਰਦੁਆਰੇ ਵਿੱਚ ਵੀ ਹਾਜਰ ਨਾਜਰ ਹਨ। ਉਨ੍ਹਾਂ ਗੁਰਦੁਆਰਿਆਂ ਕਥਾ, ਕੀਰਤਨ ਨੇ ਨਾਮ ਦੀ ਵਰਖਾ ਵੇਲੇ ਕੇਵਲ ਕੁਝ ਗਿਣਤੀ ਦੇ ਬੰਦੇ ਬੈਠੇ ਦਿਸਣਗੇ।

ਪਰ ਇਨ੍ਹਾਂ ਗੁਰਦੁਅਰਿਆਂ ਦੇ ਪ੍ਰਬੰਧਕਾਂ ਨੇ ਵੀ ਹੁਣ ਸੰਗਤਾਂ ਨੂੰ ਆਪਣੇ ਨਾਲ ਜੋੜਨ ਦਾ ਰਾਹ ਲੱਭ ਲਿਆ ਹੈ, ਉਹ ਵਧੀਆਂ ਤੋਂ ਵਧੀਆਂ ਲੰਗਰ, ਖੀਰਾਂ, ਜਲੇਬੀਆਂ, ਚਾਹ ਬਰੈਂਡ ਪਕੌੜਿਆਂ ਵਾਲੇ ਅਖੌਤੀ ਸਮਾਗਮ ਰਚ ਕੇ ਇਹ ਦੱਸਣ ਦਾ ਜਤਨ ਕਰਦੇ ਹਨ ਕਿ ਵੇਖੋ ਉਨਾਂ ਦੇ ਗੁਰਦੁਆਰੇ ਵਿੱਚ ਕਿੰਨੀ ਸੰਗਤ ਜੁੜਦੀ ਹੈ ਤੇ ਕਿਤਨਾ ਵੱਡਾ ਬੈਂਕ ਬੈਲੇਂਸ ਇਸ ਗੁਰਦੁਆਰੇ ਵਿੱਚ ਜਮ੍ਹਾਂ ਹੋ ਰਿਹਾ ਹੈ। ਪ੍ਰੰਤੂ ਜੇ ਗਹੁ ਨਾਲ ਵਾਚੀਏ ਤਾਂ ਉਨਾਂ ਸਮਾਗਮਾਂ ਵਿੱਚ ਆਉਂਣ ਵਾਲੀ ਸੰਗਤ ਕਥਾ, ਕੀਰਤਨ ਤੇ ਨਾਮ ਵਰਖਾ ਵੇਲੇ ਗਿਣਤੀ ਦੀ ਹੋਵੇਗੀ ਪ੍ਰੰਤੂ ਲੰਗਰ ਦੇ ਸਮੇਂ ਵਿੱਚ ਇਤਨੀ ਜਿਆਦਾ ਹੋਵੇਗੀ ਕਿ ਪ੍ਰਬੰਧਕਾਂ ਨੂੰ ਸੰਭਾਲਣ ਲਈ ਭੱਜ ਦੌੜ ਪੈ ਜਾਂਦੀ ਹੈ। ਇਸ ਦੇ ਇਲਾਵਾ ਗੁਰਦੁਆਰੇ ਦੇ ਅੰਦਰ ਚਲ ਰਹੇ ਸਮਾਗਮ ਵਿੱਚ

ਸੰਗਤਾਂ ਘੱਟ ਹੋਣਗੀਆਂ ਪਰ ਬਾਹਰ ਚਾਹ ਪਕੌੜਿਆ ਤੇ ਹੋਰ ਵੰਨ-ਸੁਵਨੇ ਪਦਾਰਥਾਂ ਦੁੱਧ, ਜਲੇਬੀਆਂ, ਖੀਰ, ਕੜ੍ਹਾਹ ਤੇ ਹੋਰ ਵੰਨ-ਸੁਵੰਨੇ ਪਦਾਰਥਾਂ ਆਦਿ ਦੀਆਂ ਸਟਾਲਾਂ ਤੇ ਲਾਈਨਾ ਦੂਰ ਤਕ ਲੱਗੀਆਂ ਨਜ਼ਰ ਆਉਂਣਗੀਆਂ। ਇਹ ਸਭ ਵਰਤਾਰਾ ਸਾਡੀ ਕਿਸ ਬਿਰਤੀ ਨੂੰ ਪ੍ਰਗਟ ਕਰ ਰਿਹਾ ਹੈ ਜਰਾ ਸੋਚੀਏ, ਵਿਚਾਰੀਏ ?

ਪਰ ਸੇਵਕ ਜਨੁ ਵਿਰਲੇ ਹਨ ਜੋ ਕੇਵਲ ਤੇ ਕੇਵਲ ਗੁਰੂ ਲਈ, ਕੀਰਤਨ ਕਥਾ ਸੁਨਣ ਤੇ ਨਾਮ ਰਸ ਦੀ ਪ੍ਰਾਪਤੀ ਲਈ ਗੁਰਦੁਆਰੇ ਆਉਂਦੇ ਹਨ। ਇਨਾਂ ਦਾ ਬੀਜ ਨਾਸ ਨਹੀਂ ਹੋਇਆ :-

ਹੈਨਿ ਵਿਰਲੇ ਨਾਹੀ ਘਣੇ ਫੈਲ ਫਕੜੁ ਸੰਸਾਰੁ ॥੧੨॥ (ਅੰਗ-੧੪੧੧)

ਇੱਥੇ ਕੁਝ ਇਸ ਸੰਬੰਧੀ ਉਦਾਹਰਣਾਂ ਦੇਣਾ ਚਾਹਾਂਗਾ ਕਿ ਕਿਵੇਂ ਸੇਵਕ ਗੁਰੂ ਦੀ ਸੇਵਾ ਵਿੱਚ ਲੱਗ ਕੇ ਸਾਰੇ ਸੰਸਾਰ ਵਿੱਚ ਪ੍ਰਗਟ ਹੋ ਗਏ। ਇਸ ਤੋਂ ਪਹਿਲਾਂ ਅਸੀਂ ਕੁਝ ਅਜਿਹੇ ਸੇਵਕਾਂ ਦੀਆਂ ਉਦਾਹਰਣਾਂ ਦਿੱਤੀਆਂ ਹਨ ਜੋ ਕੇਵਲ ਸੇਵਕ ਬਣਕੇ ਗੁਰੂ ਦੇ ਦਰ ਤੇ ਆਏ ਤੇ ਸੇਵਾ ਵਿੱਚ ਪ੍ਰਵਾਨ ਚੜ੍ਹ ਕੇ ਗੁਰੂ ਦਾ ਰੂਪ ਹੀ ਹੋ ਗਏ (ਜਿਵੇਂ ਗੁਰੂ ਅੰਗਦ ਦੇਵ ਜੀ, ਗੁਰੂ ਅਮਰਦਾਸ ਜੀ, ਗੁਰੂ ਰਾਮਦਾਸ ਜੀ) ਅਰਥਾਤ ਗੁਰੂ ਨੇ ਉਨ੍ਹਾਂ ਨੂੰ ਆਪਣੇ ਅੰਗ ਨਾਲ ਲਾ ਕੇ ਆਪਣਾ ਨਾਨਕ ਰੂਪ ਬਖਸ਼ ਦਿੱਤਾ ਜਿਨ੍ਹਾਂ ਨੂੰ 'ਨਾਨਕ' ਪਦ ਹੇਠ ਧੁਰ ਕੀ ਬਾਣੀ ਪ੍ਰਗਟ ਕਰਨ ਦਾ ਅਧਿਕਾਰ ਵੀ ਮਿਲਿਆ। ਪਰ ਕੁਝ ਅਜਿਹੇ ਸੇਵਕ ਵੀ ਗੁਰੂ ਸਾਹਿਬਾਨ ਦੇ ਦਰ ਤੇ ਆਏ ਜੋ ਸੇਵਾ ਦੀ ਮੂਰਤੀ ਬਣ ਕੇ ਸੰਸਾਰ ਉੱਤੇ ਕੇਵਲ ਤੇ ਕੇਵਲ ਸੇਵਕ ਵਜੋਂ ਹੀ ਉਜਾਗਰ ਹੋਏ। ਸਿੱਖ ਇਤਿਹਾਸ ਵਿੱਚ ਅਨੇਕਾਂ ਅਜਿਹੀਆਂ ਹਸਤੀਆਂ ਦੀਆਂ ਉਦਾਹਰਣਾਂ ਮਿਲਦੀਆਂ ਹਨ ਪਰ ਇਥੇ ਕੁਝ ਇੱਕ ਦਾ ਹੀ ਵਰਨਣ ਕੀਤਾ ਜਾ ਰਿਹਾ ਹੈ ਜਿਵੇਂ ਬਾਬਾ ਬੁੱਢਾ ਜੀ, ਭਾਈ ਗੁਰਦਾਸ ਜੀ, ਭਾਈ ਜੋਧ ਜੀ, ਭਾਈ ਮਰਦਾਨਾ ਜੀ, ਭਾਈ ਸਨਮੁੱਖ ਜੀ, ਪਰਮਹੰਸ ਭਾਈ ਪਾਰੋ ਜੁਲਕਾ ਜੀ, ਭਾਈ ਜੋਦ ਰਸੋਈਆ, ਭਾਈ ਪਿਰਥੀ ਮਲ, ਭਾਈ ਮੱਲਣ ਜੀ, ਭਾਈ ਤੀਰਥਾ ਜੀ, ਭਾਈ ਬਿਧੀ ਚੰਦ ਜੀ, ਭਾਈ ਦੀਪਾ ਜੀ, ਭਾਈ ਤਾਰੂ ਜੀ, ਭਾਈ ਤਿਲੋਕਾ ਜੀ ਸੂਰਮਾ, ਭਾਈ ਸਮੁੰਦਾ ਜੀ, ਭਾਈ ਨਿਹਾਲੂ ਜੀ, ਭਾਈ ਜੱਟੂ ਜੀ, ਭਾਈ ਰਾਮਦਾਸ ਜੀ ਭੰਡਾਰੀ, ਭਾਈ ਬਹਿਲਾ ਜੀ, ਭਾਈ ਤੁਲਸਾ ਵੋਹਰਾ, ਭਾਈ ਬੁਧੂ ਜੀ, ਭਾਈ ਸੰਮਣ ਜੀ, ਭਾਈ ਮੰਝ ਜੀ, ਭਾਈ ਸਹਾਰੀ ਮੱਲ ਜੀ (ਜੋ ਗੁਰੂ ਅਰਜਨ ਦੇਵ ਜੀ ਦੇ ਤਾਇਆ ਜੀ ਸਨ) ਭਾਈ ਭਾਨਾ ਮੱਲ ਜੀ, ਭਾਈ ਕਟਾਰੂ ਜੀ, ਭਾਈ ਜੈਤਾ ਜੀ ਇਤਿਆਦਕ ਅਨੇਕਾਂ ਹੋਰ ਅਜਿਹੇ ਗੁਰਸਿੱਖ ਹੋਏ ਹਨ ਜਿਨ੍ਹਾਂ ਨੇ ਗੁਰੂ ਦੇ ਦਰ ਤੇ ਸੇਵਾ ਵੀ ਕੀਤੀ ਤੇ ਸਿੱਖੀ ਵੀ ਕਮਾਈ। ਇਨ੍ਹਾਂ ਸਾਰਿਆਂ ਦੇ ਨਾਮ ਅਤੇ ਕੀਤੀ ਕਮਾਈ ਦਾ ਵੇਰਵਾ ਭਾਈ ਗੁਰਦਾਸ ਜੀ ਦੀ ਦਸਵੀਂ ਵਾਰ, ਸਿੱਖਾਂ ਦੀ ਭਗਤ ਮਾਲ, ਭਾਈ ਸੰਤੋਖ ਸਿੰਘ ਜੀ

ਦੀਆਂ ਰਚਨਾਵਾਂ ਵਿੱਚ ਮਿਲਦਾ ਹੈ। ਲੇਖ ਲੰਮੇਰਾ ਹੋਣ ਦੇ ਡਰ ਤੋਂ ਇੱਥੇ ਕੇਵਲ ਪ੍ਰਸਿੱਧ ਨਾਮ ਹੀ ਦਿੱਤੇ ਹਨ ਇਨ੍ਹਾਂ ਵੱਲੋਂ ਕੀਤੀ ਗਈ ਸੇਵਾ ਦਾ ਜਿਕਰ ਨਹੀਂ ਕਰ ਰਹੇ ਜਿਸ ਨੂੰ ਆਪ ਉਪਰੋਕਤ ਪੁਸਤਕਾਂ ਵਿੱਚ ਪੜ੍ਹ ਸਕਦੇ ਹੋ। ਸਾਡਾ ਮਕਸਦ ਇੱਥੇ ਕੇਵਲ ਉਨ੍ਹਾਂ ਦੇ ਸੰਸਾਰ ਵਿੱਚ ਪ੍ਰਗਟ ਨਾਮ ਨੂੰ ਹੀ ਉਜਾਗਰ ਕਰਨਾ ਹੈ। ਅਜਿਹੇ ਸਿੱਖ ਸੇਵਕ ਵਡਭਾਗੀ ਹਨ ਜੋ ਗੁਰੂ ਦੀ ਸੇਵਾ ਵਿੱਚ ਆਏ ਅਤੇ ਸੰਸਾਰ ਵਿੱਚ ਪ੍ਰਗਟ ਹੋਏ ਤੇ ਆਪਣਾ ਜਨਮ ਮਰਣ ਸੁਆਰ ਲਿਆ। ਗੁਰੂ ਅਮਰਦਾਸ ਜੀ ਅਜਿਹੇ ਸੇਵਕਾਂ ਵਾਰੇ ਵਰਨਣ ਕਰਦੇ ਹਨ :-

ਸਤਿਗੁਰੁ ਸੇਵਹਿ ਸੇ ਵਡਭਾਗੀ ॥ ਸਹਜ ਭਾਇ ਸਚੀ ਲਿਵ ਲਾਗੀ ॥
ਸਚੋ ਸਚੁ ਕਮਾਵਹਿ ਸਦ ਹੀ ਸਚੈ ਮੇਲਿ ਮਿਲਾਇਦਾ ॥੬॥ (ਅੰਗ-੧੦੬੩)
ਸਤਿਗੁਰੁ ਸੇਵਨਿ ਸੇ ਵਡਭਾਗੀ ॥ ਸਾਚੈ ਨਾਮਿ ਸਦਾ ਲਿਵ ਲਾਗੀ ॥ (ਅੰਗ-੧੦੫੪)

ਇਸੇ ਵਿਚਾਰ ਨੂੰ ਗੁਰੂ ਰਾਮਦਾਸ ਜੀ ਪ੍ਰਗਟ ਕਰਦੇ ਹੋਏ ਕਹਿੰਦੇ ਹਨ :-

ਸਤਿਗੁਰੁ ਸੇਵਨਿ ਸੇ ਵਡਭਾਗੀ ॥ ਸਚੈ ਸਬਦਿ ਜਿਨ੍ਾ ਏਕ ਲਿਵ ਲਾਗੀ ॥
(ਅੰਗ-੧੨੪੬)

ਅਜਿਹੇ ਸੇਵਕਾਂ ਦੇ ਵੱਡੇ ਭਾਗ ਹਨ ਜੋ ਗੁਰੂ ਦੀ ਸੇਵਾ ਵਿੱਚ ਸੁੱਤੇ ਸਿਧ ਹੀ ਲੱਗ ਗਏ ਅਤੇ ਫਿਰ ਇਹ ਲਿਵ ਕੋਈ ਵੇਲਾ ਵਖਤ ਵੀ ਮੁਥਾਜ ਨਹੀਂ ਸੀ ਇਹ ਤਾਂ ਦਿਨ-ਰਾਤ ਦੀ ਲਿਵ ਸੀ ਜੋ ਸੱਚੇ ਵਾਹਿਗੁਰੂ ਜੀ ਦੇ ਸ਼ਬਦ ਨਾਲ ਜੁੜ ਕੇ ਨਿਰੰਤਰ ਲਿਵ ਲੱਗੀ ਹੋਈ ਸੀ। ਇਹ ਸੇਵਾ ਵੀ ਉਨ੍ਹਾਂ ਨੂੰ ਗੁਰੂ ਦੀ ਕ੍ਰਿਪਾ ਰਾਹੀਂ ਹੀ ਪ੍ਰਾਪਤ ਹੋਈ ਕਿਉਂ ਕਿ ਸੇਵਕ ਜਨ ਜਾਣਦੇ ਹਨ :-

ਬਿਨੁ ਸਤਿਗੁਰ ਸੇਵੇ ਕੋਈ ਨ ਪਾਵੈ ਗੁਰ ਕਿਰਪਾ ਤੇ ਪਾਵਣਿਆ॥ (ਅੰਗ-੧੧੯)
ਸਤਿਗੁਰ ਕੀ ਸੇਵਾ ਸੋ ਕਰੇ ਜਿਸ ਨੋ ਆਪਿ ਕਰਾਏ ਸੋਇ ॥ (ਅੰਗ-੧੧੯)

ਜਿਹੜੇ ਭਰਮ ਵਿੱਚ ਪਏ ਹੋਏ ਹਨ ਉਹ ਸਤਿਗੁਰ ਦੀ ਸੇਵਾ ਤੋਂ ਖਾਲੀ ਰਹਿੰਦੇ ਹਨ ਉਨ੍ਹਾਂ ਨੂੰ ਨਾਮ ਵਰਗੀ ਅਮੋਲਕ ਵਸਤੂ ਵੀ ਪ੍ਰਾਪਤ ਨਹੀਂ ਹੁੰਦੀ :-

ਗੁਰ ਸੇਵਾ ਤੇ ਹਰਿ ਨਾਮੁ ਪਾਇਆ ਬਿਨੁ ਸਤਿਗੁਰ ਕੋਇ ਨ ਪਾਵਣਿਆ ॥੧॥

ਗੁਰੂ ਅਮਰਦਾਸ ਜੀ ਤਾਂ ਬੜੇ ਕਰੜੇ ਸ਼ਬਦਾਂ ਵਿੱਚ ਇਹ ਗੱਲ ਕਹਿੰਦੇ ਹਨ ਜਿਨਾਂ ਨੇ ਸਤਿਗੁਰ ਦੀ ਸੇਵਾ (ਆਰਧਨਾ) ਨਹੀਂ ਕੀਤੀ, ਸ਼ਬਦ ਦੀ ਵੀਚਾਰ ਨਹੀਂ ਕੀਤੀ, ਅੰਤਰ ਗਿਆਨ ਨਹੀਂ ਉਪਜਿਆ, ਉਹ ਸੰਸਾਰ ਉੱਤੇ ਮਿਰਤਕਾਂ ਦੇ ਸਮਾਨ ਹਨ:-

ਸਤਿਗੁਰੁ ਜਿਨੀ ਨ ਸੇਵਿਓ ਸਬਦਿ ਨ ਕੀਤੋ ਵੀਚਾਰੁ ॥
ਅੰਤਰਿ ਗਿਆਨੁ ਨ ਆਇਓ ਮਿਰਤਕੁ ਹੈ ਸੰਸਾਰਿ ॥ (ਅੰਗ-੮੮)

ਇੱਕ ਹੋਰ ਸ਼ਬਦ ਰਾਹੀਂ ਗੁਰੂ ਅਮਰਦਾਸ ਜੀ ਅਜਿਹੇ ਜੀਵਾਂ ਬਾਰੇ ਕਹਿੰਦੇ ਹਨ ਕਿ

ਅਜਿਹੇ ਮਨੁੱਖਾਂ ਦਾ ਸੰਸਾਰ ਤੇ ਆਉਂਣਾ ਹੀ ਕਾਹਦੇ ਲਈ ਹੋਇਆ ਉਨ੍ਹਾਂ ਨੇ ਆਪਣਾ ਜਨਮ ਹੀ ਬਿਰਥਾ ਗਵਾ ਲਿਆ ਹੈ :-

ਭਾਈ ਰੇ ਭਗਤਿਹੀਣੁ ਕਾਹੇ ਜਗਿ ਆਇਆ ॥
ਪੂਰੇ ਗੁਰ ਕੀ ਸੇਵ ਨ ਕੀਨੀ ਬਿਰਥਾ ਜਨਮੁ ਗਵਾਇਆ ॥ (ਅੰਗ-੮੮)
ਸਤਿਗੁਰੂ ਨ ਸੇਵਿਓ ਸਬਦੁ ਨ ਰਖਿਓ ਉਰ ਧਾਰਿ ॥
ਧਿਗੁ ਤਿਨਾ ਕਾ ਜੀਵਿਆ ਕਿਤੁ ਆਏ ਸੰਸਾਰਿ ॥ (ਅੰਗ-੧੪੧੪)

ਗੁਰੂ ਅਮਰਦਾਸ ਜੀ ਦ੍ਰਿੜ ਸ਼ਬਦਾਂ ਨਾਲ ਆਖ ਰਹੇ ਹਨ ਕਿ ਸਤਿਗੁਰ ਦੀ ਸੇਵਾ ਬਿਨਾਂ ਮੁਕਤੀ ਨਹੀਂ ਮਿਲ ਸਕਦੀ :-

ਨਾਨਕ ਬਿਨੁ ਸਤਿਗੁਰ ਸੇਵੇ ਮੋਖੁ ਨ ਪਾਏ ॥੩॥ (ਅੰਗ-੮੮)
ਬਿਨੁ ਸਤਿਗੁਰ ਸੇਵੇ ਮੁਕਤਿ ਨ ਹੋਈ ॥ ਗਿਆਨੀ ਧਿਆਨੀ ਪੂਛਹੁ ਕੋਈ ॥
(ਅੰਗ-੧੦੬੩)

ਸਤਿਗੁਰੂ ਦੀ ਸੇਵਾ ਤੋਂ ਬਗੈਰ ਜੀਵ ਸੰਸਾਰ ਵਿੱਚ ਹਰ ਸਮੇਂ ਦੁੱਖੀ ਹੀ ਰਹਿੰਦਾ ਹੈ :-

ਜਿਨੀ ਪੁਰਖੀ ਸਤਗੁਰੁ ਨ ਸੇਵਿਓ ਸੇ ਦੁਖੀਏ ਜੁਗ ਚਾਰਿ ॥ (ਅੰਗ-੩੪)

ਆਓ ਸਤਿਗੁਰੂ ਜੀ ਪਾਸੋਂ ਪੁਛੀਏ ਕਿ ਸਤਿਗੁਰੂ ਦੀ ਸੇਵਾ ਦਾ ਕੀ-ਕੀ ਫਲ ਮਿਲਦਾ ਹੈ। ਸਤਿਗੁਰ ਜੀ ਸਾਡੀ ਝੋਲੀ ਵਿੱਚ ਸਭ ਪ੍ਰਕਾਰ ਦੇ ਫਲ ਪਾਉਂਦੇ ਹਨ। ਸਤਿਗੁਰੂ ਜੀ ਆਪਣੇ ਸੇਵਕ ਦੇ ਮੱਥੇ ਤੇ ਦੋਵੇਂ ਹੱਥ ਰੱਖ ਕੇ ਉਸਦੀ ਪੈਜ ਰੱਖਦੇ ਹਨ :-

ਆਪਣੇ ਸੇਵਕ ਕੀ ਪੈਜ ਰਖੀਆ ਦੁਇ ਕਰ ਮਸਤਕਿ ਧਾਰਿ ਜੀਉ ॥ (ਅੰਗ-੭੨)

ਸਤਿਗੁਰ ਦੀ ਸੇਵਾ ਵਿੱਚ ਲੱਗੇ ਹੋਏ ਸੇਵਕ ਜਨ ਸੋਭਦੇ ਹਨ :-

ਸਤਿਗੁਰੁ ਸੇਵੈ ਸੋ ਜਨੁ ਸੋਹੈ ॥ (ਅੰਗ-੧੧੯)

ਸਤਿਗੁਰੂ ਦੀ ਸੇਵਾ ਕਰਨ ਵਾਲੇ ਸੇਵਕ ਨੂੰ ਸਤਿਗੁਰੂ ਜੀ ਨਾਮ ਦਾ ਅਪਾਰ ਖਜਾਨਾ ਬਖਸ਼ ਦਿੰਦੇ ਹਨ ਜਿਸ ਦੇ ਸਹਾਰੇ ਉਹ ਇਸ ਭਵਜਲ ਰੂਪੀ ਸੰਸਾਰ ਨੂੰ ਸੌਖਿਆਂ ਹੀ ਪਾਰ ਕਰ ਲੈਂਦੇ ਹਨ। ਜਿਸ ਉੱਤੇ ਉਹ ਆਪ ਕ੍ਰਿਪਾ ਕਰਦਾ ਹੈ ਉਹੀ ਸੇਵਕ ਉਸ ਵਾਹਿਗੁਰੂ ਨੂੰ ਸੇਵਦਾ ਹੈ :-

ਸਤਿਗੁਰੁ ਸੇਵੀਐ ਆਪਣਾ ਪਾਈਐ ਨਾਮੁ ਅਪਾਰੁ ॥ ਭਉਜਲਿ ਡੁਬਦਿਆ ਕਢਿ ਲਏ ਹਰਿ ਦਾਤਿ ਕਰੇ ਦਾਤਾਰੁ ॥ ਧੰਨੁ ਧੰਨੁ ਸੇ ਸਾਹ ਹੈ ਜਿ ਨਾਮਿ ਕਰਹਿ ਵਾਪਾਰੁ ॥ ਵਣਜਾਰੇ ਸਿਖ ਆਵਦੇ ਸਬਦਿ ਲਘਾਵਣਹਾਰੁ ॥ ਜਨ ਨਾਨਕ ਜਿਨ ਕਉ ਕ੍ਰਿਪਾ ਭਈ ਤਿਨ ਸੇਵਿਆ ਸਿਰਜਣਹਾਰੁ ॥ (ਅੰਗ-੩੧੩)

ਸਤਿਗੁਰੂ ਦੀ ਸੇਵਾ ਵਿੱਚ ਲੱਗੀਆਂ ਹੋਈਆਂ ਜੀਵ ਰੂਪੀ ਇਸਤਰੀਆਂ ਗੁਰੂ ਦੇ

ਉਪਦੇਸ਼ ਨੂੰ ਕਮਾ ਕੇ ਸੁਹਾਗਣ ਦਾ ਦਰਜਾ ਪਾਉਂਦੀਆਂ ਹਨ :-

ਸਤਿਗੁਰੁ ਸੇਵਿ ਸਦਾ ਸੋਹਾਗਣਿ ਸਚ ਉਪਦੇਸਿ ਸਮਾਵਣਿਆ ॥ (ਅੰਗ-੧੨੩)

ਸਤਿਗੁਰੂ ਦੀ ਸੇਵਾ ਨਾਲ ਮਨ ਵਿੱਚੋਂ ਅਭਿਮਾਨ ਦਾ ਨਾਸ ਹੋ ਜਾਂਦਾ ਹੈ ਅਤੇ ਗੁਣਾਂ ਦੇ ਖ਼ਜਾਨੇ ਗੋਵਿੰਦ ਦੀ ਪ੍ਰਾਪਤੀ ਹੋ ਜਾਂਦੀ ਹੈ।

ਸਤਿਗੁਰੁ ਸੇਵਿਐ ਜਾਇ ਅਭਿਮਾਨੁ ॥ ਗੋਵਿਦੁ ਪਾਈਐ ਗੁਣੀ ਨਿਧਾਨੁ ॥੧॥

ਸੇਵਾ ਨਾਲ ਮਨ ਨਿਰਮਲ ਹੋ ਜਾਂਦਾ ਹੈ ਅਤੇ ਹਉਮੈ ਆਦਿ ਵਿਕਾਰ ਛੱਡ ਜਾਂਦੇ ਹਨ:-

ਸਤਗੁਰੁ ਸੇਵਿ ਮਨੁ ਨਿਰਮਲਾ ਹਉਮੈ ਤਜਿ ਵਿਕਾਰ ॥ (ਅੰਗ-੩੪)

ਸਤਿਗੁਰੂ ਦੀ ਸੇਵਾ ਤੋਂ ਸਭ ਪ੍ਰਕਾਰ ਦੇ ਫਲ ਪ੍ਰਾਪਤ ਹੁੰਦੇ ਹਨ ਤੇ ਸੇਵਕ ਜਨ ਗੁਰੂ ਦਰ ਉੱਤੇ ਪਰਵਾਨ ਚੜ੍ਹਦੇ ਹਨ :-

ਸਤਿਗੁਰੁ ਅਪਣਾ ਸੇਵਿ ਸਭ ਫਲ ਪਾਇਆ ॥ (ਅੰਗ-੫੧੭)

ਸਤਿਗੁਰੁ ਸੇਵਿਐ ਹੋਵੈ ਪਰਵਾਨੁ ॥ (ਅੰਗ-੪੨੪)

ਨਾਨਕ ਸਤਿਗੁਰੁ ਸੇਵਹਿ ਆਪਣਾ ਸੇ ਜਨ ਸਚੇ ਪਰਵਾਣੁ ॥
ਹਰਿ ਕੈ ਨਾਇ ਸਮਾਇ ਰਹੇ ਚੂਕਾ ਆਵਣੁ ਜਾਣੁ ॥੨॥ (ਅੰਗ-੬੪੮)

ਸਤਿਗੁਰੂ ਦੀ ਸੇਵਾ ਵਿੱਚ ਲੱਗਿਆਂ ਖੋਟੀ ਮੱਤ ਦਾ ਨਾਸ਼ ਹੋ ਜਾਂਦਾ ਹੈ, ਅਉਗੁਣ ਤੇ ਪਾਪਾਂ ਦੀ ਮੱਤ ਖਤਮ ਹੋ ਜਾਂਦੀ ਹੈ :-

ਸਤਿਗੁਰਿ ਸੇਵਿਐ ਦੂਜੀ ਦੁਰਮਤਿ ਜਾਈ ॥
ਅਉਗਣ ਕਾਟਿ ਪਾਪਾ ਮਤਿ ਖਾਈ ॥ (ਅੰਗ-੮੩੩)

ਸਤਿਗੁਰੂ ਦੀ ਸੇਵਾ ਸਾਰੇ ਸੁੱਖਾਂ ਦਾ ਸਾਰ ਹੈ। ਇਸ ਨਾਲ ਨਾ ਕੇਵਲ ਇਸ ਸੰਸਾਰ ਵਿੱਚ ਵਡਿਆਈ ਮਿਲਦੀ ਹੈ ਸਗੋਂ ਦਰਗਾਹ ਵਿੱਚ ਮੁਕਤੀ ਦਾ ਦੁਆਰ ਖੁਲ੍ਹ ਜਾਂਦਾ ਹੈ ਪਰ ਇਹ ਸੇਵਾ ਵੀ ਉਹੀ ਕਰ ਸਕਦਾ ਹੈ ਜਿਸ ਨੂੰ ਕਰਤਾਰ (ਵਾਹਿਗੁਰੂ) ਆਪਣੀ ਮਿਹਰ ਦੀ ਨਦਰ ਕਰ ਦੇਵੇ :-

ਸਤਿਗੁਰ ਕੀ ਸੇਵਾ ਚਾਕਰੀ ਸੁਖੀ ਹੂੰ ਸੁਖ ਸਾਰੁ ॥ ਐਥੈ ਮਿਲਨਿ ਵਡਿਆਈਆ ਦਰਗਹ ਮੋਖ ਦੁਆਰੁ ॥ ਸਚੀ ਕਾਰ ਕਮਾਵਣੀ ਸਚੁ ਪੈਨਣੁ ਸਚੁ ਨਾਮੁ ਅਧਾਰੁ ॥ ਸਚੀ ਸੰਗਤਿ ਸਚਿ ਮਿਲੈ ਸਚੈ ਨਾਇ ਪਿਆਰੁ ॥ ਸਚੈ ਸਬਦਿ ਹਰਖੁ ਸਦਾ ਦਰਿ ਸਚੈ ਸਚਿਆਰੁ ॥ ਨਾਨਕ ਸਤਿਗੁਰ ਕੀ ਸੇਵਾ ਸੋ ਕਰੈ ਜਿਸ ਨੋ ਨਦਰਿ ਕਰੈ ਕਰਤਾਰੁ ॥ (ਅੰਗ-੫੮੬)

ਸਤਿਗੁਰੁ ਸੇਵੇ ਤਿਸੁ ਮਿਲੈ ਵਡਿਆਈ ਦਰਿ ਸਚੈ ਸੋਭਾ ਪਾਇਦਾ ॥ (ਅੰਗ-੧੦੬੩)

ਸਤਿਗੁਰੂ ਦੀ ਸੇਵਾ ਵਿੱਚ ਸਦੀਵੀ ਸੁੱਖ ਦੀ ਪ੍ਰਾਪਤੀ ਹੁੰਦੀ ਹੈ ਅਤੇ ਜਨਮ ਮਰਣ ਦਾ ਦੁੱਖ ਚਲਾ ਜਾਂਦਾ ਹੈ। ਅਚਿੰਤ ਪ੍ਰਭੂ ਦੇ ਮਨ ਵਿੱਚ ਆ ਵਸਣ ਨਾਲ ਸਭ ਪ੍ਰਕਾਰ ਦੀਆਂ ਚਿੰਤਾਵਾਂ ਖਤਮ ਹੋ ਜਾਂਦੀਆਂ ਹਨ :-

ਸਤਿਗੁਰਿ ਸੇਵਿਐ ਸਦਾ ਸੁਖੁ ਜਨਮ ਮਰਣ ਦੁਖੁ ਜਾਇ ॥
ਚਿੰਤਾ ਮੂਲਿ ਨ ਹੋਵਈ ਅਚਿੰਤੁ ਵਸੈ ਮਨਿ ਆਇ ॥ (ਅੰਗ-੫੮੭)

ਸੇਵਾ ਰਾਹੀਂ ਮਨ ਵਿੱਚ ਨਾਮ ਦਾ ਵਾਸਾ ਹੋਣ ਕਰਕੇ ਸਾਰੇ ਭਰਮ ਅਤੇ ਡਰ ਭੱਜ ਜਾਂਦੇ ਹਨ :-

ਸਤਿਗੁਰਿ ਸੇਵਿਐ ਨਾਮੁ ਮਨਿ ਵਸੈ ਵਿਚਹੁ ਭ੍ਰਮੁ ਭਉ ਭਾਗੈ ॥ (ਅੰਗ-੫੯੦)

ਉਸ ਜੀਵ ਦਾ ਹੀ ਸੰਸਾਰ ਤੇ ਆਉਂਣਾ ਸਫਲ ਹੈ ਜੋ ਸਤਿਗੁਰੂ ਦੀ ਸੇਵਾ ਵਿੱਚ ਲੱਗਾ ਹੈ। ਗੁਰੂ ਅਮਰਦਾਸ ਜੀ ਆਖਦੇ ਹਨ :

ਸਤਿਗੁਰੁ ਸੇਵੇ ਆਪਣਾ ਆਇਆ ਤਿਸੁ ਗਣੀ ॥ (ਅੰਗ-੧੨੪੬)

ਜੇ ਸੇਵਾ ਵਿੱਚ ਲੱਗਿਆਂ ਗਿਣਤੀਆਂ ਮਿਣਤੀਆਂ ਵਿੱਚ ਹੀ ਪਏ ਰਹੇ ਤਾਂ ਸੇਵਾ ਦਾ ਫਲ ਨਹੀਂ ਪ੍ਰਾਪਤ ਹੁੰਦਾ :-

ਗਣਤੈ ਸੇਵ ਨ ਹੋਵਈ ਕੀਤਾ ਥਾਇ ਨ ਪਾਇ ॥ (ਅੰਗ-੧੨੪੬)

ਇਥੇ ਤਾਂ ਆਪਣਾ ਆਪ ਗੁਆ ਕੇ, ਸਮਰਪਿਤ ਹੋ ਕੇ ਮਨ ਦੀ ਮੈਂ-ਮੇਰੀ ਮਮਤਾ ਤੇ ਹੰਗਤਾ ਤਿਆਗ ਕੇ ਨਿਰਮਲ ਮਨ ਨਾਲ ਨਿਰਮਾਣ ਹੋ ਕੇ ਕੀਤੀ ਸੇਵਾ ਤੇ ਫਿਰ ਬਿਨਾਂ ਕਿਸੇ ਫਲ ਦੀ ਇੱਛਾ ਰੱਖੇ, ਸੁਆਰਥ ਦੀ ਭਾਵਨਾ ਤਿਆਗ ਕੇ ਕੀਤੀ ਸੇਵਾ ਹੀ ਪ੍ਰਵਾਨ ਚੜ੍ਹਦੀ ਹੈ। ਅਜਿਹੇ ਜੀਵ ਹੀ ਸਚ ਮੁੱਚ ਸੇਵਕ ਅਖਵਾਉਂਣ ਦੇ ਅਧਿਕਾਰੀ ਹਨ :-

ਆਪੁ ਗਵਾਇ ਸੇਵਾ ਕਰੇ ਤਾ ਕਿਛੁ ਪਾਏ ਮਾਨੁ ॥
ਨਾਨਕ ਜਿਸ ਨੋ ਲਗਾ ਤਿਸੁ ਮਿਲੈ ਲਗਾ ਸੋ ਪਰਵਾਨੁ ॥੧॥ (ਅੰਗ-੪੭੪)

ਹੁਣ ਅਸੀਂ ਮਨ ਵਿੱਚ ਵੀਚਾਰ ਕਰਨੀ ਹੈ ਕਿ ਅਸੀਂ ਕੇਵਲ ਵਾਪਾਰੀ ਬਣ ਕੇ ਹੀ ਗੁਰੂ ਦੇ ਦਰ ਤੇ ਜਾ ਕੇ ਸੇਵਾ ਸਿਮਰਨ ਅਤੇ ਹੋਰ ਧਾਰਮਿਕ ਕਰਮ ਕਰਨੇ ਹਨ ਜਾਂ ਕਿ ਸਤਿਗੁਰੂ ਜੀ ਨੇ ਜਿਵੇਂ ਆਖਿਆ ਹੈ 'ਕੋਟਿ ਮਧੇ ਕੋ ਵਿਰਲਾ ਸੇਵਕੁ' ਬਣਨਾ ਹੈ। ਆਪਣੀ ਰਹਿਣੀ ਕਰਨੀ, ਅਮਲ ਵਿਰਲੇ ਸੇਵਕ ਵਾਂਗ ਬਣ ਕੇ ਜੀਵਨ ਦੀ ਗਤੀ ਨੂੰ ਰਵਾਨਾ ਕਰਨਾ ਹੈ। ਸਤਿਗੁਰੂ ਜੀ ਬਖਸ਼ਿਸ਼ ਕਰਨ ਮੇਰੇ ਸਮੇਤ ਆਪ ਸਭ ਨੂੰ ਵਿਰਲੇ ਸੇਵਕ ਬਣਨ ਦੀ ਦਾਤ ਬਖਸ਼ਣ।

-o-o-o-

# ਤਜਿਐ ਅੰਨਿ ਨ ਮਿਲੈ ਗੁਪਾਲੁ ॥
## (ਗੁਰਬਾਣੀ ਵਿੱਚ ਵਰਤ ਦਾ ਸੰਕਲਪ)

-ਭਾਈ ਸਾਹਿਬ ਭਾਈ ਸਰਦਾਰਾ ਸਿੰਘ ਜੀ

ਭਾਰਤੀ ਸਮਾਜ ਵਿੱਚ ਵਰਤ ਰਖਣ ਦੀ ਬੜੀ ਮਹੱਤਤਾ ਸਮਝੀ ਜਾਂਦੀ ਹੈ। ਸਮਾਜ ਦਾ ਬਹੁਤ ਸਾਰਾ ਹਿੱਸਾ ਕਿਸੇ ਨਾ ਕਿਸੇ ਵਰਤ ਨਾਲ ਜੁੜਿਆ ਹੋਇਆ ਹੈ। ਵਰਤ ਦਾ ਭਾਵ ਲੋਕੀਂ ਇਹ ਲੈਂਦੇ ਹਨ ਕਿ ਕਿਸੇ ਦੇ ਨਾਂ ਉੱਤੇ ਕੁਝ ਸਮੇਂ ਜਾਂ ਦਿਨਾਂ ਦੇ ਲਈ ਭੋਜਨ ਦਾ ਤਿਆਗ ਕਰਨਾ। ਭਾਰਤੀ ਸਮਾਜ, ਖਾਸ ਕਰਕੇ ਹਿੰਦੂ ਮੱਤ ਅਨੁਸਾਰ ਬੇਅੰਤ ਵਰਤ ਹਨ, ਕੋਈ ਇਨ੍ਹਾਂ ਦੀ ਗਿਣਤੀ ਨਹੀਂ ਕਰ ਸਕਦਾ। ਕੋਈ ਤਿੱਥ ਜਾਂ ਮਹੀਨਾ ਐਸਾ ਨਹੀਂ ਜਿਸ ਵਿੱਚ ਵਰਤ ਦਾ ਵਿਧਾਨ ਨਾ ਹੋਵੇ। ਬਾਈਬਲ ਅਤੇ ਕੁਰਾਨ ਵਿੱਚ ਵੀ ਕਈ ਤਰ੍ਹਾਂ ਦੇ ਵਰਤਾਂ ਦਾ ਜ਼ਿਕਰ ਹੈ। ਗੁਰੂ ਨਾਨਕ ਜੀ ਦੀ ਸਿੱਖਿਆ ਅਨੁਸਾਰ ਅਜੇਹੇ ਵਰਤਾਂ ਦਾ ਤਿਆਗ ਹੈ। ਗੁਰਮਤਿ ਅਨੁਸਾਰ ਵਰਤ ਕਿਹੋ ਜਿਹਾ ਹੋਵੇ, ਆਓ ਗੁਰਬਾਣੀ ਅਨੁਸਾਰ ਵੀਚਾਰ ਕਰੀਏ।

ਲੋਕੀਂ ਏਕਾਦਸੀ, ਦੁਆਦਸੀ, ਚੌਦਸ, ਪੂਰਨਮਾਸੀ, ਮੱਸਿਆ ਅਤੇ ਦਸਮੀਂ ਦਾ ਆਮ ਵਰਤ ਰੱਖਦੇ ਹਨ। ਗੁਰੂ ਦਾ ਸਿੱਖ ਅਨਮੱਤਾਂ ਦੇ ਪਿਛੇ ਨਾ ਲੱਗ ਕੇ ਰਸਮੀ ਅੰਨ ਪਾਣੀ ਦੇ ਵਰਤ ਨਾ ਰੱਖ ਕੇ ਗੁਰੂ ਸਾਹਿਬ ਦੇ ਬਚਨਾਂ ਤੇ ਅਮਲ ਕਰਦਾ ਹੋਇਆ, ਜੀਵਨ ਸਫਲ ਕਰਦਾ ਹੈ। ਏਕਾਦਸੀ ਦੇ ਵਰਤ ਸਬੰਧੀ ਗੁਰੂ- ਵਾਕ ਹੈ :-

ਏਕਾਦਸੀ ਨਿਕਟਿ ਪੇਖਹੁ ਹਰਿ ਰਾਮੁ ॥ ਇੰਦ੍ਰੀ ਬਸਿ ਕਰਿ ਸੁਣਹੁ ਹਰਿ ਨਾਮੁ ॥
ਮਨਿ ਸੰਤੋਖੁ ਸਰਬ ਜੀਅ ਦਇਆ ॥ ਇਨ ਬਿਧਿ ਬਰਤੁ ਸੰਪੂਰਨ ਭਇਆ ॥
ਧਾਵਤ ਮਨੁ ਰਾਖੈ ਇਕ ਠਾਇ ॥ ਮਨੁ ਤਨੁ ਸੁਧੁ ਜਪਤ ਹਰਿ ਨਾਇ ॥ ਸਭ ਮਹਿ
ਪੂਰਿ ਰਹੇ ਪਾਰਬ੍ਰਹਮ ॥ ਨਾਨਕ ਹਰਿ ਕੀਰਤਨੁ ਕਰਿ ਅਟਲ ਏਹੁ ਧਰਮ ॥

(ਥਿਤੀ ਗਉੜੀ ਮ : ੫, ਅੰਗ-੨੯੯)

ਗੁਰੂ-ਗੁਰਬਾਣੀ ਫੁਰਮਾਉਂਦੀ ਹੈ ਕਿ ਏਕਾਦਸੀ ਦੇ ਦਿਨ ਦੁਆਰਾ ਐਸੀ ਗੱਲ ਦ੍ਰਿੜ ਕਰੋ ਕਿ ਹਰੀ ਵਾਹਿਗੁਰੂ ਜੀ ਨੂੰ ਹਮੇਸ਼ਾ ਯਾਦ ਰਖਿਆ ਜਾਵੇ। ਵਾਹਿਗੁਰੂ ਜੀ ਦਾ ਸਿਮਰਨ ਕੀਤਾ ਜਾਵੇ। ਅਪਣੀਆਂ ਇੰਦਰੀਆਂ, ਇੰਦਰੀਆਂ ਤੋਂ ਭਾਵ ਪੰਜ ਗਿਆਨ ਦੀਆਂ ਅਤੇ ਪੰਜ ਕਰਮ ਇੰਦਰੀਆਂ ਦੇ ਰਾਹੀਂ ਅਸੀਂ ਜੋ ਕਰਮ ਕਰਦੇ ਹਾਂ, ਉਹ ਕਰਮ ਸ਼ੁੱਧ, ਸਵੱਛ ਅਤੇ ਅਧਿਆਤਮਿਕ ਹੋਣ, ਨਾ ਕਿ ਕੁਕਰਮ ਭਰੇ ਅਤੇ ਵਿਸ਼ੇ ਵਿਕਾਰਾਂ ਨਾਲ ਲਿਬੜੇ ਹੋਣ। ਅਪਣੀਆਂ ਇੰਦਰੀਆਂ ਸੰਕੋਚ ਅਤੇ ਸੰਤੋਖ ਵਿੱਚ ਰੱਖਦੇ ਹੋਏ ਪ੍ਰਭੂ ਦੇ ਨਾਮ ਨੂੰ ਸੁਨਣਾ ਅਤੇ ਹਰੀ ਜਸ ਵਿੱਚ ਲੀਨ ਹੋਣਾ ਚਾਹੀਦਾ ਹੈ। ਮਨ ਵਿੱਚ ਸੰਤੋਖ ਰੱਖਦੇ ਹੋਏ ਸਾਰੇ ਜੀਆਂ ਤੇ ਦਇਆ ਕਰਨੀ ਚਾਹੀਦੀ ਹੈ। ਕਿਸੇ ਦੀਨ ਦੁਖੀ ਨੂੰ ਵੇਖ ਕੇ ਮਨ ਵਿੱਚ ਦਇਆ ਆਵੇ ਅਤੇ

ਉਸ ਦੀ ਸੇਵਾ ਲਈ ਮਨ ਤੱਤਪਰ ਹੋਵੇ। ਗੁਰੂ ਸਾਹਿਬ ਆਖਦੇ ਹਨ ਕਿ ਇਹ ਅਸਲੀ ਵਰਤ ਹੈ ਜੋ ਸਾਨੂੰ ਸਫਲਤਾ ਬਖਸ਼ਦਾ ਹੈ। ਸਾਡਾ ਮਨ ਮਾਇਕ ਪਦਾਰਥਾਂ ਲਈ ਲੋਚਦਾ ਰਹਿੰਦਾ ਹੈ। ਇਸ ਮਨ ਨੂੰ ਰੋਕ ਕੇ ਇੱਕ ਥਾਂ ਤੇ ਟਿਕਾਉਣਾ, ਇਹ ਵਰਤ ਹੈ। ਉਹ ਕਿਹੜੀ ਥਾਂ ਹੈ ਜਿੱਥੇ ਇਸ ਨੂੰ ਟਿਕਾਉਣਾ ਹੈ। ਉਹ ਹੈ ਸਾਧ ਸੰਗਤਿ, ਜਿੱਥੇ ਹਰੀ ਦਾ ਨਾਮ ਜਪਿਆ ਜਾਂਦਾ ਹੈ। ਸਭ ਤੋਂ ਵੱਡਾ ਧਰਮ ਹੈ ਕਿ ਸਰਬ ਵਿਆਪਕ ਪਰਮਾਤਮਾ ਦਾ ਸਾਧ ਸੰਗਤ ਵਿੱਚ ਮਿਲ ਕੇ ਕੀਰਤਨ ਕੀਤਾ ਜਾਵੇ।

ਸ੍ਰੀ ਗੁਰੂ ਅਮਰਦਾਸ ਜੀ ਨੌਮੀਂ, ਦਸਮੀਂ ਅਤੇ ਦੁਆਦਸੀ ਦੇ ਵਰਤ ਬਾਬਤ ਉਪਦੇਸ਼ ਦਿੰਦੇ ਹਨ। ਆਪ ਜੀ ਇਨ੍ਹਾਂ ਥਿੱਤਾਂ ਰਾਹੀਂ ਉਪਦੇਸ਼ ਕਰਦੇ ਹਨ, ਇਹ ਨਹੀਂ ਕਿ ਇਹ ਉਪਦੇਸ਼ ਕੇਵਲ ਇਨ੍ਹਾਂ ਦਿਨਾਂ ਲਈ ਹੀ ਹੈ। ਨਹੀਂ! ਇਹ ਉਪਦੇਸ਼ ਤਾਂ ਹਮੇਸ਼ਾ ਹਮੇਸ਼ਾ ਲਈ ਹਨ, ਨੌਮੀਂ, ਦਸਮੀਂ ਆਦਿ ਦਾ ਤਾਂ ਕੇਵਲ ਨਾਮ ਲਿਆ ਗਿਆ ਹੈ :-

> ਮਹਲਾ ੩ ॥ ਨਉਮੀ ਨੇਮੁ ਸਚੁ ਜੇ ਕਰੈ ॥ ਕਾਮ ਕ੍ਰੋਧੁ ਤ੍ਰਿਸਨਾ ਉਚਰੈ ॥ ਦਸਮੀ ਦਸੇ ਦੁਆਰ ਜੇ ਠਾਕੈ ਏਕਾਦਸੀ ਏਕੁ ਕਰਿ ਜਾਣੈ ॥ ਦੁਆਦਸੀ ਪੰਚ ਵਸਗਤਿ ਕਰਿ ਰਾਖੈ ਤਉ ਨਾਨਕ ਮਨੁ ਮਾਨੈ ॥ ਐਸਾ ਵਰਤੁ ਰਹੀਜੈ ਪਾਡੇ ਹੋਰ ਬਹੁਤੁ ਸਿਖ ਕਿਆ ਦੀਜੈ ॥੨॥ (ਅੰਗ-੧੨੪੫)

ਏਕਮ ਦੂਜ ਤੋਂ ਹੁੰਦੀ ਹੋਈ ਚੰਦ੍ਰਮਾ ਨਾਲ ਸਬੰਧ ਰਖਦੀ ਹੋਈ ਨੌਮੀ ਤਿੱਥ ਆਉਂਦੀ ਹੈ। ਦਸਵੀਂ ਅਤੇ ਫੇਰ ਇਕਾਦਸੀ ਤੇ ਦੁਆਦਸੀ। ਤਿੱਥਾਂ ਦਾ ਜ਼ਿਕਰ ਕਰਦੇ ਹੋਏ ਸਤਿਗੁਰੂ ਅਮਰਦਾਸ ਜੀ ਫੁਰਮਾਉਂਦੇ ਹਨ ਕਿ ਜੇਕਰ ਇਨ੍ਹਾਂ ਦਿਨਾਂ ਤੇ ਵਰਤ ਰੱਖਣਾ ਹੈ ਤਾਂ ਨੌਮੀ ਵਾਲੇ ਦਿਨ ਇਹ ਕਰੋ ਕਿ ਕਾਮ ਕ੍ਰੋਧ ਤੇ ਤ੍ਰਿਸ਼ਨਾ ਤੇ ਕਾਬੂ ਪਾਓ।

ਦਸਮੀ ਵਾਲੇ ਦਿਨ ਸਰੀਰਕ ਤੌਰ ਤੇ ਸਰੀਰ ਦੇ ਦਸ ਦੁਆਰਿਆਂ ਨੂੰ ਸ਼ੁੱਭ ਕਰਮਾਂ ਉੱਤੇ ਇਕਾਗਰ ਕਰੋ, ਇਨ੍ਹਾਂ ਨੂੰ ਬੁਰੇ ਕਰਮਾਂ ਤੋਂ ਰੋਕ ਕੇ ਰੱਖੋ।

ਇਕਾਦਸੀ ਨੂੰ ਇਕੋ ਪ੍ਰਭੂ ਦੇ ਲੜ ਲੱਗੋ। ਬਹੁਤਾਤ ਵਿੱਚ ਅਖੌਤੀ ਦੇਵੀ ਦੇਵਤਿਆਂ ਦਾ ਲੜ ਛੱਡੋ, ਦੁਆਦਸੀ ਨੂੰ ਕਾਮ, ਕ੍ਰੋਧ, ਲੋਭ, ਮੋਹ ਅਤੇ ਹੰਕਾਰ, ਇਨ੍ਹਾਂ ਪੰਜਾਂ ਤੋਂ ਛੁਟਕਾਰਾ ਪਾਵੋ, ਅਪਣੇ ਵੱਸ ਵਿੱਚ ਰੱਖੋ। ਤਾਂ ਹੀ ਮਨ ਨੂੰ ਜਿੱਤਿਆ ਜਾ ਸਕਦਾ ਹੈ।

ਗੁਰੂ ਸਾਹਿਬ ਬ੍ਰਾਹਮਣ, ਪਾਂਡੇ ਨੂੰ ਸੰਬੋਧਨ ਕਰਕੇ ਆਖਦੇ ਹਨ, ਹੇ ਪਾਂਡੇ ! ਜੇਕਰ ਉੱਪਰ ਦਰਸਾਏ ਗਏ ਵਰਤ ਰੱਖੇਂਗਾ ਤਾਂ ਹੋਰ ਬਹੁਤੀਆਂ ਸਿੱਖਿਆਵਾਂ ਦੀ ਲੋੜ ਨਹੀਂ।

ਚੌਥੇ ਪਾਤਸ਼ਾਹ ਵਰਤਾਂ ਦੀ ਬਾਬਤ ਸਮਝਾਉਂਦੇ ਹੋਏ ਆਖਦੇ ਹਨ :-

> ਸਭਿ ਤੀਰਥ ਵਰਤ ਜਗ ਪੁੰਨ ਤੁੋਲਾਹਾ ॥ ਹਰਿ ਹਰਿ ਨਾਮ ਨ ਪੁਜਹਿ ਪੁਜਾਹਾ ॥ ਹਰਿ ਹਰਿ ਅਤੁਲੁ ਤੋਲੁ ਅਤਿ ਭਾਰੀ ਗੁਰਮਤਿ ਜਪਿ ਓੁਮਾਹਾ ਰਾਮ ॥੩॥ ਸਭਿ ਕਰਮ ਧਰਮ ਹਰਿ ਨਾਮੁ ਜਪਾਹਾ ॥ ਕਿਲਵਿਖ ਮੈਲੁ ਪਾਪ ਧੋਵਾਹਾ ॥ ਦੀਨ

ਦਇਆਲ ਹੋਹੁ ਜਨ ਊਪਰਿ ਦੇਹੁ ਨਾਨਕ ਨਾਮੁ ਓਮਾਹਾ ਰਾਮ ॥੪॥ (ਅੰਗ-੬੯੯)

ਸਤਿਗੁਰੂ ਜੀ ਫਰਮਾਉਂਦੇ ਹਨ ਕਿ ਸਾਰੇ ਤੀਰਥ ਇਸ਼ਨਾਨ, ਸਾਰੇ ਵਰਤ ਅਤੇ ਕਈ ਤਰ੍ਹਾਂ ਦੇ ਜਗ, ਪੁੰਨ ਕ੍ਰਿਆ ਆਦਿ ਕਰਨੀਆਂ, ਖੋਜ ਡਿੱਠੀਆਂ ਹਨ, ਇਹ ਵਾਹਿਗੁਰੂ ਜੀ ਦੇ ਨਾਮ ਦੇ ਤੁੱਲ ਨਹੀਂ ਪੁੱਜ ਸਕਦੀਆਂ। ਹਰੀ ਦੇ ਨਾਮ ਜਪਣ ਦੇ ਤੁੱਲ ਕਿਸੇ ਵੀ ਦਾਨ ਪੁੰਨ ਨੂੰ ਨਹੀਂ ਤੋਲਿਆ ਜਾ ਸਕਦਾ, ਨਾਮ ਅਤੁੱਲ ਹੈ, ਬਹੁਤ ਭਾਰੀ ਹੈ, ਭਾਵ ਇਸ ਦੀ ਕੋਈ ਬਰਾਬਰੀ ਨਹੀਂ ਕਰ ਸਕਦਾ। ਗੁਰੂ ਦੀ ਸਿੱਖਿਆ ਅਨੁਸਾਰ ਜਪਿਆ ਹੋਇਆ ਨਾਮ ਮਨ ਨੂੰ ਹੁਲਾਰੇ ਵਿੱਚ ਰੱਖਦਾ ਹੈ। ਮਨ ਖਿੜਿਆ ਰਹਿੰਦਾ ਹੈ।

ਜੋ ਕੁਝ ਵੀ ਕਰਮ ਧਰਮ ਅਸੀਂ ਕਰੀਏ ਉਹ ਨਾਮ ਦੇ ਪ੍ਰਤੀ ਹੀ ਕਰੀਏ। ਨਾਮ ਜਪਣ ਨੂੰ ਹੀ ਪ੍ਰਮੁੱਖ ਰਖੀਏ, ਨਾਮ ਜਪਣ ਵਿੱਚ ਹੀ ਸਭ ਕਰਮ ਧਰਮ ਆ ਜਾਂਦੇ ਹਨ। ਨਾਮ ਜਪਣ ਨਾਲ ਕੀ ਹੋਵੇਗਾ? ਸਾਡੇ ਸਾਰੇ ਪਾਪ ਕਰਮ ਧੋਤੇ ਜਾਣਗੇ। ਪਾਪਾਂ ਦੀ ਮੈਲ ਧੋਤੀ ਜਾਵੇਗੀ ਅਤੇ ਮਨ ਨਿਰਮਲ ਹੋ ਜਾਵੇਗਾ। ਪਰ ਨਾਮ, ਗੁਰੂ ਦੀ ਬਖਸ਼ਿਸ਼, ਪ੍ਰਭੂ ਦੀ ਕ੍ਰਿਪਾ ਤੋਂ ਬਿਨਾਂ ਨਹੀਂ ਜਪਿਆ ਜਾ ਸਕਦਾ, ਸੋ ਸਾਨੂੰ ਸਤਿਗੁਰੂ ਪਾਸ ਅਰਦਾਸ ਕਰਨੀ ਚਾਹੀਦੀ ਹੈ ਕਿ ਹੇ ਦੀਨ ਦਇਆਲ ਪ੍ਰਭੂ ਜੀ ! ਆਪ ਅਪਣੇ ਨਿਮਾਣੇ ਦਾਸਾਂ ਤੇ ਦਿਆਲ ਹੋਵੋ ਜੀ ਅਤੇ ਸਾਨੂੰ ਅਨੰਦਾਇਕ ਨਾਮ ਦੀ ਦਾਤ ਬਖਸ਼ੋ ਜੀ। ਭਗਤ ਨਾਮ ਦੇਵ ਜੀ ਕਿਸੇ ਕਿਸਮ ਦੇ ਪਾਪ ਕਲੰਕ ਧੋਣ ਲਈ ਰਾਮ ਦੀ ਟੇਕ ਤੇ ਆਸਰਾ ਲੈਣ ਲਈ ਆਖਦੇ ਹਨ। ਆਪ ਦੇ ਬਚਨ ਹਨ :-

ਕਉਨ ਕੋ ਕਲੰਕੁ ਰਹਿਓ ਰਾਮ ਨਾਮੁ ਲੇਤ ਹੀ ॥ ਪਤਿਤ ਪਵਿਤ ਭਏ ਰਾਮੁ ਕਹਤ ਹੀ ॥੧॥ ਰਹਾਉ ॥ ਰਾਮ ਸੰਗਿ ਨਾਮਦੇਵ ਜਨ ਕਉ ਪ੍ਰਤਗਿਆ ਆਈ ॥ ਏਕਾਦਸੀ ਬ੍ਰਤੁ ਰਹੈ ਕਾਹੇ ਕਉ ਤੀਰਥ ਜਾਈਂ ॥੧॥ ਭਨਤਿ ਨਾਮਦੇਉ ਸੁਕ੍ਰਿਤ ਸੁਮਤਿ ਭਏ ॥ ਗੁਰਮਤਿ ਰਾਮੁ ਕਹਿ ਕੋ ਕੋ ਨ ਬੈਕੁੰਠਿ ਗਏ ॥੨॥ (ਅੰਗ-੭੧੮)

ਜਦੋਂ ਬੰਦਾ ਰਾਮ ਨਾਮ ਦਾ ਜਾਪ ਕਰਦਾ ਹੈ ਤਾਂ ਉਸਦੇ ਸਾਰੇ ਪਾਪ ਧੋਤੇ ਜਾਂਦੇ ਹਨ। ਉਸ ਉੱਤੇ ਕੋਈ ਕਲੰਕ (ਪਾਪਾਂ ਦਾ ਧੱਬਾ) ਨਹੀਂ ਰਹਿੰਦਾ। ਨਾਮ ਦੇਵ ਜੀ ਸੁਆਲ ਕਰਦੇ ਆਖਦੇ ਹਨ, ਉਹ ਕਿਹੜਾ ਪਾਪ ਹੈ ਜੋ ਬੰਦੇ ਦੇ ਸਿਰ ਨਾਮ ਜਪਣ ਤੋਂ ਬਾਅਦ ਰਹਿ ਜਾਂਦਾ ਹੈ? ਉੱਤਰ ਵੀ ਆਪ ਹੀ ਲਿਖਦੇ ਹਨ ਕਿ ਕੋਈ ਕਲੰਕ (ਦੋਸ਼) ਨਹੀਂ ਰਹਿੰਦਾ, ਸਭ ਨਸ਼ਟ ਹੋ ਜਾਂਦੇ ਹਨ। ਪਤਿਤ (ਪਾਪੀ ਆਦਮੀ) ਪਵਿੱਤ੍ਰ ਹੋ ਜਾਂਦਾ ਹੈ, ਰਾਮ ਕਹਿਣ ਦੀ ਦੇਰ ਹੈ। ਨਾਮ ਜਪਣ ਦੀ ਜ਼ਰੂਰਤ ਹੈ। ਵਰਤ ਆਦਿ ਪਵਿੱਤ੍ਰ ਹੋਣ ਲਈ ਹੀ ਰੱਖੇ ਜਾਂਦੇ ਹਨ, ਪਰ ਪਾਪਾਂ ਨੂੰ ਧੋਣ ਦਾ ਇਕੋ ਇਕ ਤ੍ਰੀਕਾ ਗੁਰਮਤਿ ਅਨੁਸਾਰ ਨਾਮ-ਸਿਮਰਨ ਹੀ ਹੈ। ਅੱਗੇ ਨਾਮ ਦੇਵ ਜੀ ਅਪਣੀ ਵਿਰਥਾ ਦੱਸਦੇ ਹਨ ਕਿ ਮੈਨੂੰ (ਨਾਮ ਦੇਵ ਨੂੰ) ਪ੍ਰਭੂ ਦੇ ਸੰਗ ਮਿਲ ਕੇ ਤਸੱਲੀ ਹੋ ਗਈ ਹੈ। ਮੈਂ ਪ੍ਰਭੂ ਨਾਲ ਮਿਲ ਗਿਆ ਹਾਂ ਤਾਂ ਮੈਨੂੰ ਸੰਤੁਸ਼ਟਤਾ ਅਤੇ ਸ਼ਾਂਤੀ ਪ੍ਰਾਪਤ ਹੋ ਗਈ ਹੈ। ਇਸ ਲਈ ਮੈਂ (ਨਾਮ ਦੇਵ) ਹੁਣ ਏਕਾਦਸੀ ਦਾ ਬ੍ਰਤ ਕਾਹਨੂੰ ਰੱਖਾਂ !

ਅਤੇ ਤੀਰਥਾਂ ਤੇ ਕਿਸ ਲਈ ਜਾਣਾ ਹੈ। ਫੇਰ ਆਖਦੇ ਹਨ ਕਿ ਨਾਮ ਦੀ ਸੁਕ੍ਰਿਤ (ਸ਼ੁੱਧ ਕਮਾਈ) ਕਰਕੇ, ਭਗਤੀ ਕਰਕੇ ਸਮਝ ਆ ਗਈ ਹੈ ਕਿ ਗੁਰਮਤਿ ਅਨੁਸਾਰ ਨਾਮ ਜੱਪ ਕੇ ਕਿਹੜਾ ਜੀਵ ਹੈ ਜੋ ਬੈਕੰਠ ਨਹੀਂ ਗਿਆ ?, ਭਾਵ ਨਾਮ ਕਮਾਈ ਕਰਨ ਵਾਲਾ ਹਰ ਜੀਵ ਪ੍ਰਭੂ ਦੀ ਦਰਗਾਹ ਵਿੱਚ ਅਵੱਸ਼ ਹੀ ਪਹੁੰਚ ਜਾਂਦਾ ਹੈ। ਸ੍ਰੀ ਗੁਰੂ ਅਰਜਨ ਦੇਵ ਜੀ ਮੱਸਿਆ ਦੁਆਰਾ ਉਪਦੇਸ ਕਰਦੇ ਹਨ :-

ਪਉੜੀ ॥ ਅਮਾਵਸ ਆਤਮ ਸੁਖੀ ਭਏ ਸੰਤੋਖੁ ਦੀਆ ਗੁਰਦੇਵ ॥ ਮਨੁ ਤਨੁ ਸੀਤਲੁ ਸਾਂਤਿ ਸਹਜ ਲਾਗਾ ਪ੍ਰਭ ਕੀ ਸੇਵ ॥ ਟੂਟੇ ਬੰਧਨ ਬਹੁ ਬਿਕਾਰ ਸਫਲ ਪੂਰਨ ਤਾ ਕੇ ਕਾਮ ॥ ਦੁਰਮਤਿ ਮਿਟੀ ਹਉਮੈ ਛੁਟੀ ਸਿਮਰਤ ਹਰਿ ਕੋ ਨਾਮ ॥ ਸਰਨਿ ਗਹੀ ਪਾਰਬ੍ਰਹਮ ਕੀ ਮਿਟਿਆ ਆਵਾ ਗਵਨ ॥ ਆਪਿ ਤਰਿਆ ਕੁਟੰਬ ਸਿਉ ਗੁਣ ਗੁਬਿੰਦ ਪ੍ਰਭ ਰਵਨ ॥ ਹਰਿ ਕੀ ਟਹਲ ਕਮਾਵਣੀ ਜਪੀਐ ਪ੍ਰਭ ਕਾ ਨਾਮੁ ॥ ਗੁਰ ਪੂਰੇ ਤੇ ਪਾਇਆ ਨਾਨਕ ਸੁਖ ਬਿਸ੍ਰਾਮੁ ॥੧੫॥ (ਅੰਗ-੩੦੦)

ਅਮਾਵਸ ਦੇ ਦਿਨ ਦੇ ਹਵਾਲੇ ਨਾਲ ਕੀ ਕਰੀਏ ? ਸਮਝਾਉਂਦੇ ਹਨ ਕਿ ਸਤਿਗੁਰੂ ਦੀ ਸ਼ਰਨ ਵਿੱਚ ਆਈਏ। ਸਤਿਗੁਰੂ ਜੀ ਸਾਨੂੰ ਸੰਤੋਖ ਪਦਾਰਥ ਦੇਣਗੇ। ਗੁਰੂ ਦੀ ਸ਼ਰਨ ਤੇ ਸੇਵਾ ਵਿੱਚ ਲੱਗੀਏ, ਵਿਕਾਰਾਂ ਦੇ ਬੰਧਨ ਕੱਟੀਏ, ਹਉਮੈ ਤੇ ਖੋਟੀ ਮਤ ਦਾ ਤਿਆਗ ਕਰੀਏ ਅਤੇ ਪ੍ਰਭੂ ਦਾ ਸਿਮਰਨ ਕਰੀਏ, ਤਾਂ ਕੀ ਪ੍ਰਾਪਤ ਹੋਵੇਗਾ :-

ਮਨ ਤਨ ਵਿੱਚ ਸ਼ਾਂਤੀ ਵੱਸੇਗੀ, ਸਾਡੇ ਸਾਰੇ ਕੰਮ ਸਫਲੇ ਹੋਣਗੇ, ਖੋਟੀ ਮੱਤ ਦੂਰ ਹੋਵੇਗੀ, ਜੰਮਣ ਮਰਨਾ ਮਿਟ ਜਾਵੇਗਾ, ਆਪ ਤਾਂ ਤਰੇਗਾ ਹੀ ਪ੍ਰੰਤੂ ਅਪਣੇ ਪ੍ਰੀਵਾਰ ਨੂੰ ਇਸ ਭਵ ਸਾਗਰ ਤੋਂ ਪਾਰ ਕਰੇਗਾ। ਇਹ ਸਾਰੇ ਸੁੱਖ ਗੁਰੂ ਜੀ ਦੀ ਸ਼ਰਨ ਵਿੱਚ ਰਹਿ ਕੇ, ਗੁਰੂ ਦੀ ਸਿੱਖਿਆ ਅਪਣਾ ਕੇ ਮਿਲਦੇ ਹਨ ਅਤੇ ਸਹਿਜ ਅਵਸਥਾ ਪ੍ਰਾਪਤ ਹੁੰਦੀ ਹੈ। ਸੋ ਗੁਰਮਤਿ ਅਨੁਸਾਰ ਮੱਸਿਆ ਦਾ ਵਰਤ ਐਸਾ ਹੈ। ਹੁਣ ਦੇਖੋ ਪੂਰਨਮਾਸ਼ੀ ਦੇ ਦਿਨ ਨੂੰ ਲੈ ਕੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਕੀ ਉਪਦੇਸ਼ ਕਰਦੇ ਹਨ। ਆਪ ਜੀ ਦਾ ਫੁਰਮਾਣ ਹੈ :-

ਪਉੜੀ ॥ ਪੂਰਨਮਾ ਪੂਰਨ ਪ੍ਰਭ ਏਕੁ ਕਰਣ ਕਾਰਣ ਸਮਰਥੁ ॥ ਜੀਅ ਜੰਤ ਦਇਆਲ ਪੁਰਖੁ ਸਭ ਊਪਰਿ ਜਾ ਕਾ ਹਥੁ ॥ ਗੁਣ ਨਿਧਾਨ ਗੋਬਿੰਦ ਗੁਰ ਕੀਆ ਜਾ ਕਾ ਹੋਇ ॥ ਅੰਤਰਜਾਮੀ ਪ੍ਰਭੁ ਸੁਜਾਨੁ ਅਲਖ ਨਿਰੰਜਨ ਸੋਇ ॥ ਪਾਰਬ੍ਰਹਮੁ ਪਰਮੇਸਰੋ ਸਭ ਬਿਧਿ ਜਾਨਣਹਾਰ ॥ (ਅੰਗ-੩੦੦)

ਦਿਨ ਤਾਂ ਸਾਰੇ ਹੀ ਇੱਕੋ ਹਨ। ਸਾਰੇ ਸ੍ਰੇਸ਼ਟ ਹਨ। ਪਰਮਾਤਮਾ ਦੀ ਬਣਾਈ ਹੋਈ ਕਿਰਤ ਹੈ :-

ਮਾਹ ਦਿਵਸ ਮੂਰਤ ਭਲੇ ਜਿਸ ਕਉ ਨਦਰਿ ਕਰੇ ॥
ਨਾਨਕੁ ਮੰਗੈ ਦਰਸ ਦਾਨੁ ਕਿਰਪਾ ਕਰਹੁ ਹਰੇ ॥੧੪॥ (ਅੰਗ-੧੩੬)

ਕੋਈ ਬੁਰਾ ਦਿਨ ਨਹੀਂ ਅਤੇ ਨਾ ਹੀ ਦੂਜੇ ਦਿਨਾਂ ਤੋਂ ਵੱਧ ਸ਼ੁੱਭ ਹੈ, ਸਭ ਇੱਕੋ ਜਿਹੇ ਹਨ। ਪੂਰਨਮਾਸੀ ਦੇ ਹਵਾਲੇ ਨਾਲ ਸਤਿਗੁਰੂ ਪੰਜਵੇਂ ਪਾਤਸ਼ਾਹ ਗੁਰਸਿੱਖ ਨੂੰ, ਬਲਕਿ ਸਾਰੀ ਮਨੁੱਖਤਾ ਨੂੰ ਸਮਝਾਉਂਦੇ ਹਨ ਕਿ ਤੁਸੀਂ ਪੂਰਨਮਾਸ਼ੀ ਦੇ ਚੰਦ੍ਰਮਾ ਨੂੰ ਪੂਰਨ ਸਮਝਦੇ ਹੋ ਪਰ ਪ੍ਰਭੂ ਹਮੇਸ਼ਾ ਹਮੇਸ਼ਾ ਲਈ ਪਰੀ-ਪੂਰਨ ਹੈ ਅਤੇ ਉਹ (ਪ੍ਰਭੂ) ਸਾਰੇ ਸੰਸਾਰ ਦਾ ਕਰਤਾ ਹੈ। ਕੀ ਸੂਰਜ, ਕੀ ਚੰਦ੍ਰਮਾ, ਕੀ ਧਰਤੀ, ਆਕਾਸ਼ ਭਾਵ ਸਮੱਸਤ ਬ੍ਰਹਿਮੰਡ ਦਾ ਕਰਤਾ ਹੈ। ਉਸ ਪਰਮਾਤਮਾ ਦਾ ਸਾਰੇ ਸੰਸਾਰ ਦੇ ਜੀਅ ਜੰਤਾਂ ਦੇ ਸਿਰ ਉੱਪਰ ਮਿਹਰ ਭਰਿਆ ਹੱਥ ਹਮੇਸ਼ਾ ਹੀ ਰਹਿੰਦਾ ਹੈ।

ਸੰਤ ਸਹਾਈ ਸਰਨਿ ਜੋਗੁ ਆਠ ਪਹਰ ਨਮਸਕਾਰ ॥ ਅਕਥ ਕਥਾ ਨਹ ਬੂਝੀਐ ਸਿਮਰਹੁ ਹਰਿ ਕੇ ਚਰਨ ॥ ਪਤਿਤ ਉਧਾਰਨ ਅਨਾਥ ਨਾਥ ਨਾਨਕ ਪ੍ਰਭ ਕੀ ਸਰਨ ॥੧੬॥ (ਅੰਗ-੩੦੦)

ਵਾਹਿਗੁਰੂ ਜੀ ਸੰਤਾਂ (ਨਾਮ ਜਪਣ ਵਾਲੇ, ਗੁਰਮੁਖਿ) ਦੇ ਸਦਾ ਸਹਾਈ ਹੁੰਦੇ ਹਨ। ਉਨ੍ਹਾਂ ਦੀ ਸ਼ਰਨ ਵਿੱਚ ਜਾਣ ਦੀ ਲੋੜ ਹੈ। ਉਨ੍ਹਾਂ ਦਾ ਸੰਗ ਕਰਨ ਦੀ ਜ਼ਰੂਰਤ ਹੈ। ਉਹ ਸ਼ਰਨ ਆਇਆ ਦੀ ਲਾਜ ਰੱਖਦੇ ਹਨ ਨਾਮ ਜਪਾਉਂਦੇ ਹਨ। ਇਸ ਕਰਕੇ ਐ ਜੀਵ ! ਅੱਠੋਂ ਪਹਿਰ (੨੪ ਘੰਟੇ) ਉਸ ਵਾਹਿਗੁਰੂ ਦਾ ਸਿਮਰਨ ਕਰ। ਉਸ ਦੀ ਕਥਾ ਅਕੱਥ ਹੈ, ਸਮਝ ਤੋਂ ਪਰੇ ਦੀ ਹੈ। ਉਹ ਪਾਪੀਆਂ ਨੂੰ ਤਾਰਨਹਾਰਾ ਹੈ। ਬੇ-ਸਹਾਰਿਆਂ ਦਾ ਸਹਾਰਾ ਹੈ ਇਸ ਕਰਕੇ ਪੰਜਵੇਂ ਗੁਰਦੇਵ ਗੁਰੂ ਨਾਨਕ ਸਾਹਿਬ ਆਖਦੇ ਹਨ ਅਸੀਂ ਪਰਮਾਤਮਾ ਦੀ ਸ਼ਰਨ ਵਿੱਚ ਰਹਿੰਦੇ ਹਾਂ। ਸੋ ਪੂਰਨਮਾਸੀ ਦਾ ਸ਼ੁੱਭ ਪਵਿੱਤ੍ਰ ਉਪਦੇਸ਼ ਇਹੋ ਹੈ ਕਿ ਅੰਨ ਦਾ ਵਰਤ ਆਦਿ ਰਖਣ ਦੀ ਥਾਂ ਤੇ ਪ੍ਰਭੂ ਦੀ ਸ਼ਰਨ ਵਿੱਚ ਚਲੇ ਜਾਈਏ ਅਤੇ ਉਸ ਦੀ ਬੰਦਗੀ ਕਰੀਏ।

ਪ੍ਰਭੂ ਦੀ ਸ਼ਰਨ, ਸਤਿਗੁਰੂ ਦੀ ਬਖਸ਼ਿਸ਼ ਦੁਆਰਾ ਪ੍ਰਾਪਤ ਹੁੰਦੀ ਹੈ। ਅੰਨ-ਪਾਣੀ ਛੱਡਣ ਨਾਲ ਕੁਝ ਨਹੀਂ ਬਣਦਾ ਪ੍ਰੰਤੂ ਸਤਿਗੁਰੂ ਦੀ ਸਿੱਖਿਆ ਤੇ ਚੱਲ ਕੇ ਬ੍ਰਹਮ ਗਿਆਨ ਦੀ ਪ੍ਰਾਪਤੀ ਹੁੰਦੀ ਹੈ :-

ਬਹੁ ਭੇਖ ਕੀਆ ਦੇਹੀ ਦੁਖੁ ਦੀਆ ॥ ਸਹੁ ਵੇ ਜੀਆ ਅਪਣਾ ਕੀਆ ॥ ਅੰਨੁ ਨ ਖਾਇਆ ਸਾਦੁ ਗਵਾਇਆ ॥ ਬਹੁ ਦੁਖੁ ਪਾਇਆ ਦੂਜਾ ਭਾਇਆ ॥ ਬਸਤ੍ਰ ਨ ਪਹਿਰੈ ॥ ਅਹਿਨਿਸਿ ਕਹਰੈ ॥ ਮੋਨਿ ਵਿਗੂਤਾ ॥ ਕਿਉ ਜਾਗੈ ਗੁਰ ਬਿਨੁ ਸੂਤਾ ॥ ਪਗ ਉਪੇਤਾਣਾ ॥ ਅਪਣਾ ਕੀਆ ਕਮਾਣਾ ॥ ਅਲੁ ਮਲੁ ਖਾਈ ਸਿਰਿ ਛਾਈ ਪਾਈ ॥ ਮੂਰਖਿ ਅੰਧੈ ਪਤਿ ਗਵਾਈ ॥ ਵਿਣੁ ਨਾਵੈ ਕਿਛੁ ਥਾਇ ਨ ਪਾਈ ॥ ਰਹੈ ਬੇਬਾਣੀ ਮੜੀ ਮਸਾਣੀ ॥ ਅੰਧੁ ਨ ਜਾਣੈ ਫਿਰਿ ਪਛੁਤਾਣੀ ॥ ਸਤਿਗੁਰੁ ਭੇਟੇ ਸੋ ਸੁਖੁ ਪਾਏ ॥ ਹਰਿ ਕਾ ਨਾਮੁ ਮੰਨਿ ਵਸਾਏ ॥ ਨਾਨਕ ਨਦਰਿ ਕਰੇ ਸੋ ਪਾਏ ॥ ਆਸ ਅੰਦੇਸੇ ਤੇ ਨਿਹਕੇਵਲੁ ਹਉਮੈ ਸਬਦਿ ਜਲਾਏ ॥ (ਅੰਗ-੪੬੭-੬੮)

ਅੰਨ ਦਾ ਵਰਤ ਰੱਖਣ ਨਾਲ, ਸਰੀਰ ਨੂੰ ਹੀ ਦੁੱਖ ਦੇਣਾ ਪੈਂਦਾ ਹੈ। ਇਹ ਝੂਠਾ ਭੇਖ ਹੀ ਕਰਨ ਵਾਲੀ ਗੱਲ ਹੈ। ਅੰਨ ਛੱਡ ਕੇ ਮਨੁੱਖ ਸਵਾਦ ਵੀ ਗਵਾਉਂਦਾ ਹੈ, ਦੁੱਖ ਪਾਉਂਦਾ ਹੈ। ਬਸਤ੍ਰ ਨਹੀਂ ਪਹਿਨਦਾ, ਮੋਨੀ ਰਹਿੰਦਾ ਹੈ। ਇਹ ਸਭ ਗੁਰੂ ਦੀ ਮੱਤ ਨਾ ਲੈਣ ਕਰਕੇ ਕਰਦਾ ਹੈ। ਸਤਿਗੁਰੂ ਦੀ ਓਟ ਵਿੱਚ ਆਵੇਗਾ ਅਤੇ ਗੁਰਮਤਿ ਨੂੰ ਗ੍ਰਹਿਣ ਕਰੇਗਾ ਤਾਂ ਸਮਝ ਆ ਜਾਵੇਗੀ ਕਿ ਇਹ ਸਭ ਕੁਝ ਪਖੰਡ ਹੈ। ਸਾਰੇ ਭਰਮ ਭੁਲੇਖੇ ਦੂਰ ਹੋ ਜਾਣਗੇ। ਸੋਝੀ ਪੈ ਜਾਵੇਗੀ ਕਿ ਅਸਲ ਵਿੱਚ ਤਾਂ ਨਾਮ ਜਪਣਾ ਹੀ ਸੁਕ੍ਰਿਤ ਕਰਮ ਹੈ।

ਕਬੀਰ ਸਾਹਿਬ ਅੰਨ (ਅਨਾਜ) ਨੂੰ ਮਹੱਤਤਾ ਦਿੰਦੇ ਹੋਏ ਲਿਖਦੇ ਹਨ:-

ਧੰਨੁ ਗੁਪਾਲ ਧੰਨੁ ਗੁਰਦੇਵ ॥ ਧੰਨੁ ਅਨਾਦਿ ਭੂਖੇ ਕਵਲੁ ਟਹਕੇਵ ॥ ਧਨੁ ਓਇ ਸੰਤ ਜਿਨ ਐਸੀ ਜਾਨੀ ॥ ਤਿਨ ਕਉ ਮਿਲਿਬੋ ਸਾਰਿੰਗਪਾਨੀ ॥੧॥ ਆਦਿ ਪੁਰਖ ਤੇ ਹੋਇ ਅਨਾਦਿ ॥ ਜਪੀਐ ਨਾਮੁ ਅੰਨ ਕੈ ਸਾਦਿ ॥੧॥ (ਅੰਗ-੮੭੩)

ਪਰਮਾਤਮਾ ਧੰਨ ਹੈ। ਸਤਿਗੁਰੂ ਧੰਨ ਹੈ ਅਤੇ ਅਨਾਜ ਵੀ ਧੰਨ ਹੈ। ਇੱਥੇ ਅਨਾਦਿ ਤੋਂ ਭਾਵ ਹੈ ਅੰਨ+ਆਦਿ (ਅਨਾਜ)। ਅਨਾਜ ਕਿਉਂ ਧੰਨ ਹੈ, ਕਿਉਂਕਿ ਉਹ ਭੁੱਖੇ ਦੀ ਭੁੱਖ ਮਿਟਾ ਕੇ ਉਸ ਦੇ ਮਨ ਨੂੰ ਅਨੰਦਿਤ ਕਰ ਦਿੰਦਾ ਹੈ। ਜਿਨ੍ਹਾਂ ਪ੍ਰਭੂ ਪਿਆਰੇ ਭਗਤਾਂ ਨੇ ਇਸ ਗੱਲ ਨੂੰ ਸਮਝ ਲਿਆ ਹੈ, ਉਹ ਧੰਨ ਹਨ। ਉਨ੍ਹਾਂ ਨੂੰ ਸਾਰਿੰਗਪਾਨ (ਵਾਹਿਗੁਰੂ) ਜੀ ਦੀ ਪ੍ਰਾਪਤੀ ਹੋ ਜਾਂਦੀ ਹੈ। ਅਨਾਜ (ਅੰਨ) ਅਕਾਲ ਪੁਰਖ ਪੈਦਾ ਕਰਦਾ ਹੈ, ਸੋ ਵਰਤ ਰੱਖ ਕੇ ਇਸ ਦਾ ਤਿਆਗ ਕਰਨਾ ਮੂਰਖਤਾ ਹੈ। ਕਬੀਰ ਸਾਹਿਬ ਆਖਦੇ ਹਨ ਕਿ ਅੰਨ ਦਾ ਸੁਆਦ ਤਿਆਗ ਕੇ ਨਹੀਂ ਬਲਕਿ ਇਸ ਦਾ ਸੁਆਦ ਲੈਂਦੇ ਹੋਏ ਹੀ ਪਰਮਾਤਮਾ ਦਾ ਸਿਮਰਨ ਕਰੀਏ :-

ਛੋਡਹਿ ਅੰਨੁ ਕਰਹਿ ਪਾਖੰਡ ॥ ਨਾ ਸੋਹਾਗਨਿ ਨਾ ਓਹਿ ਰੰਡ ॥ (ਅੰਗ-੮੭੩)

ਕਬੀਰ ਸਾਹਿਬ ਕਹਿੰਦੇ ਹਨ ਅੰਨ ਖਾਣਾ ਛੱਡ ਕੇ ਪਾਖੰਡ ਕਰਨ ਵਾਲੀਆਂ ਜੀਵ ਇਸਤ੍ਰੀਆਂ ਨਾ ਤਾਂ ਸੁਹਾਗਣਾ ਹਨ ਤੇ ਨਾ ਹੀ ਛੁੱਟੜ। ਹੋਰ ਵੀ ਆਖਦੇ ਹਨ :-

ਅੰਨੈ ਬਿਨਾ ਨ ਹੋਇ ਸੁਕਾਲੁ ॥ ਤਜਿਐ ਅੰਨਿ ਨ ਮਿਲੈ ਗੁਪਾਲੁ ॥ ਕਹੁ ਕਬੀਰ ਹਮ ਐਸੇ ਜਾਨਿਆ ॥ ਧੰਨੁ ਅਨਾਦਿ ਠਾਕੁਰ ਮਨੁ ਮਾਨਿਆ ॥੪॥ (ਅੰਗ-੮੭੩)

ਅੰਨ ਤੋਂ ਬਿਨਾਂ ਗੁਜ਼ਾਰਾ ਨਹੀਂ, ਅੰਨ ਤੋਂ ਬਿਨਾਂ ਸਮਾਂ ਅਨੰਦਮਈ ਨਹੀਂ ਹੁੰਦਾ। ਅੰਨ ਦਾ ਤਿਆਗ ਕਰਕੇ ਪ੍ਰਮਾਤਮਾ ਦਾ ਮੇਲ ਨਹੀਂ ਹੋ ਸਕਦਾ। ਕਬੀਰ ਸਾਹਿਬ ਫਰਮਾਉਂਦੇ ਹਨ ਕਿ ਅੰਨ (ਅਨਾਜ) ਧੰਨ ਹੈ, ਜਿਸਦੇ ਸੇਵਨ ਕਰਨ ਨਾਲ ਅਸੀਂ ਨਾਮ ਸਿਮਰਨ ਵਿੱਚ ਲੱਗੇ ਹਾਂ। ਸਿਮਰਨ ਕੀਤਾ ਅਤੇ ਠਾਕੁਰ (ਮਾਲਿਕ) ਵਾਹਿਗੁਰੂ ਜੀ ਨੂੰ ਪਾ ਲਿਆ ਹੈ।

-o-o-o-

# ਸ਼ਹੀਦੀ ਭਾਈ ਤਾਰੂ ਸਿੰਘ

ਜ਼ਕਰੀਆਂ ਖਾਨ ਕਿਹਾ ਸੁਣ ਤਾਰੂ ਸਿੰਘਾ, ਅਪਣੀ ਜਿੰਦਗੀ ਕਿਉਂ ਪਿਆ ਗਾਲਦਾ ਏਂ।
ਲੋਕੀਂ ਜਿੰਦਗੀ ਨੂੰ ਮਾਨਣਾ ਲੋਚਦੇ ਨੇ, ਤੂੰ ਜਿੰਦਗੀ 'ਚ ਮੌਤ ਕਿਉਂ ਪਿਆ ਭਾਲਦਾ ਏ ?
ਜਿਹੜੇ ਬਾਗੀ ਸਰਕਾਰ ਤੋਂ ਹੋਏ ਫਿਰਦੇ, ਉਹਨਾਂ ਤਾਂਈ ਤੂੰ ਮਦਦ ਪਹੁੰਚਾਉਂਦਾ ਏਂ।
ਅਸੀਂ ਉਹਨਾਂ ਨੂੰ ਫੜਨ ਦੀ ਸੋਚਦੇ ਹਾਂ, ਤੂੰ ਉਹਨਾਂ ਨੂੰ ਪਿਆ ਬਚਾਉਂਦਾ ਏਂ।

ਹੁਕਮ ਗੁਰੂ ਦਾ ਸਾਨੂੰ ਵੰਡ ਛੱਕਣਾ, ਮੈਂ ਉਹੀ ਫ਼ਰਜ਼ ਆਪਣਾ ਨਿਭਾਹ ਰਿਹਾ ਹਾਂ।
ਇਹ ਕਰਕੇ ਮੈਨੂੰ ਸਕੂਨ ਮਿਲਦੈ, ਤਾਹੀਓਂ ਇਹ ਮੈਂ ਕਰਮ ਕਮਾ ਰਿਹਾ ਹਾਂ।
ਮੇਰੇ ਲਈ ਮਨੁੱਖਤਾ ਇਕੋ ਜੇਹੀ, ਭਾਵੇਂ ਸਿੰਘ ਤੇ ਭਾਵੇਂ ਤੁਸੀਂ ਹੋ ਜ਼ਕਰੀਆਂ ਖਾਨ।
ਅਸੀਂ ਸਰਬੱਤ ਦਾ ਭਲਾ ਮੰਗਦੇ ਹਾਂ, ਸਾਡੇ ਗੁਰੂ ਦਾ ਸਾਨੂੰ ਹੈ ਇਹੋ ਫੁਰਮਾਨ।

ਸਿੰਘ ਜੁਝਾਰੂ ਜੰਗਲਾਂ 'ਚ ਵਾਸ ਕਰਦੇ, ਤੁਸੀਂ ਉਹਨਾਂ ਤੇ ਜ਼ੁਲਮ ਗੁਜ਼ਾਰਦੇ ਹੋ।
ਉਹ ਸੁਖ ਦੀ ਜਿੰਦਗੀ ਚਾਹੁੰਦੇ ਨੇ, ਤੁਸੀਂ ਸਮਝਦੇ ਦੁਸ਼ਮਣ ਸਰਕਾਰ ਦੇ ਹੋ।
ਗੱਲ ਸੁਣ ਧਿਆਨ ਨਾਲ ਤਾਰੂ ਸਿੰਘਾ, ਐਵੇਂ ਸਿੱਖੀ ਤੇ ਮਾਨ ਪਿਆ ਕਰੀਂ ਜਾਨੈ।
ਅਸੀਂ ਗਲ ਨੂੰ ਸੁਲਝਾਉਣ ਦੀ ਸੋਚਦੇ ਹਾਂ, ਤੂੰ ਉਸ ਨੂੰ ਹੋਰ ਉਲਝਾਈ ਜਾਨੈ।

ਸਿੱਖੀ ਦਾਨੀ-ਪੁੱਤਰਾਂ ਦੀ ਬਖਸ਼ਸ਼ ਸਾਨੂੰ, ਇਸ ਨੂੰ ਕੋਈ ਵੀ ਨਹੀਂ ਮੁੱਕਾ ਸਕਦਾ।
ਅਸੀਂ ਸੀਸ ਤੇ ਹਾਂ ਕੱਟਵਾ ਸਕਦੇ, ਐਪਰ ਸੀਸ ਨਹੀਂ ਕੋਈ ਝੁੱਕਾ ਸਕਦਾ।
ਸਿੱਖੀ ਲਈ ਨੀਂਹਾਂ ਵਿੱਚ ਚਿਣ ਗਏ, ਉਸ ਗੁਰੂ ਦੀ ਹਾਂ ਅਸੀਂ ਸੰਤਾਨ 'ਜ਼ਕਰੀਆ'।
ਸਾਡੀ ਜਾਨ ਤੇ ਜੇ ਤੂੰ ਹਾਵੀ ਹੋਇਆ, ਤੈਨੂੰ ਮੁਸ਼ਕਲ ਬਚਾਉਣੀ ਹੋਜੂ ਜਾਨ 'ਜ਼ਕਰੀਆ'।

ਦੋ ਰਾਹ ਨੇ ਸਾਹਮਣੇ ਤੇਰੇ ਤਾਰੂ ਸਿੰਘਾ, ਸਿੱਖੀ ਛੱਡ ਅਸਲਾਮ ਕਬੂਲ ਕਰ ਲੈ।
ਜੇਕਰ ਨਹੀਂ ਇਹ ਮਨਜੂਰ ਤੈਨੂੰ, ਜਾਨ ਆਪਣੀ ਗਵਾਉਣੀ ਮਨਜ਼ੂਰ ਕਰ ਲੈ।
ਸਿੱਖੀ ਆਨ, ਸ਼ਾਨ ਤੇ ਜਾਨ ਮੇਰੀ, ਮੈਂ ਏਸ ਨੂੰ ਕਦੀ ਨਹੀਂ ਛੱਡ ਸਕਦਾ।
ਤੇਰੇ ਭਾਵੇਂ ਕਿੰਨੇ ਜ਼ੁਲਮ-ਤਸ਼ੱਦਦ ਹੋਵਣ, ਮੇਰੀ ਸਿੱਖੀ ਨੂੰ ਕੋਈ ਨਹੀਂ ਕੱਟ ਸਕਦਾ।

ਝਟ ਸੱਦਿਆ ਜ਼ਕਰੀਆ ਖਾਨ ਨਾਈ, ਕਹਿੰਦਾ ਇਸ ਦੇ ਸਿਰ ਤੋਂ ਕੇਸ ਉਡਾ ਦੇਵੋ।
ਮੇਰੇ ਸੀਨੇ 'ਚ ਅੱਗ ਦੇ ਭਾਂਬੜ ਬਲਦੇ, ਕੇਸ ਲਾਹ ਕੇ ਮੇਰੀ ਅੱਗ ਬੁਝਾ ਦੇਵੋ।
ਏਹਦੇ ਕੇਸ ਤਾਂ 'ਖਾਨ' ਨਹੀਂ ਕੱਟ ਹੁੰਦੇ, ਮੈਂ ਕੈਂਚੀ ਨੂੰ ਖੂਬ ਚਲਾਇਆ ਏ।
ਪਤਾ ਨਹੀਂ ਇਹ ਕੀ ਗਜ਼ਬ ਹੋਇਆ, ਮੈਂ ਤਾਂ ਆਪਣਾ ਪੂਰਾ ਜ਼ੋਰ ਲਾਇਆ ਏ।

ਝੇਪ ਗਿਆ ਜ਼ਕਰੀਆ ਖਾਨ ਕਹਿਣ ਲੱਗਾ, ਮਸਲਾ ਹਲ ਕਰੋ, ਖੋਪਰੀ ਹੀ ਲਾਹ ਦੇਵੋ।
ਇਹ ਸਿੱਖੀ ਤੇ ਬਹੁਤ ਹੈ ਮਾਣ ਕਰਦਾ, ਖੋਪਰੀ ਨਾਲ ਹੀ ਸਿੱਖੀ ਉਡਾ ਦੇਵੋ।
ਮੋਚੀ ਆ ਗਿਆ ਰੰਬੀ ਹਥੌੜੀ ਲੈ ਕੇ, ਉਸ ਡਾਢਾ ਜ਼ੁਲਮ ਕਮਾਇਆ ਏ।
ਕੇਸਾਂ-ਸੁਆਸਾਂ ਸੰਗ ਨਿਭ ਗਈ 'ਸਚਦੇਵਾ', ਜਦੋਂ ਕੇਸਾਂ ਸਮੇਤ ਖੋਪਰੀ ਨੂੰ ਲਾਹਿਆ ਏ।

-ਸ.ਹਰਜਿੰਦਰ ਸਿੰਘ, ਸਚਦੇਵਾ, ਮੋ : 98769-34244

# ਮੋਹ

ਸ.ਪਰਮਜੀਤ ਸਿੰਘ, ਚੰਡੀਗੜ੍ਹ, ਮੋ : 98760-95689

ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਪੰਜ ਵਿਕਾਰਾਂ ਕਾਮ, ਕ੍ਰੋਧ, ਲੋਭ, ਮੋਹ ਅਤੇ ਹੰਕਾਰ ਦਾ ਜ਼ਿਕਰ ਬਹੁਤ ਵਾਰੀ ਆਇਆ ਹੈ ਅਤੇ ਸਾਨੂੰ ਇਨ੍ਹਾਂ ਤੋਂ ਬਚਣ ਲਈ ਵਾਰ ਵਾਰ ਤਾਕੀਦ ਕੀਤੀ ਗਈ ਹੈ। ਹੱਥਲੇ ਲੇਖ ਵਿੱਚ ਅਸੀਂ ਮੋਹ ਬਾਰੇ ਵਿਚਾਰ ਕਰਨ ਦੀ ਕੋਸ਼ਿਸ਼ ਕਰ ਰਹੇ ਹਾਂ। ਭਾਈ ਕਾਨ੍ਹ ਸਿੰਘ ਨਾਭਾ ਨੇ ਮੋਹ ਸ਼ਬਦ ਦੇ ਅਰਥ ਸਨੇਹ, ਮੁਹੱਬਤ, ਭ੍ਰਮ-ਭੁਲੇਖਾ ਕੀਤੇ ਹਨ। ਗੁਰਬਾਣੀ ਵਿੱਚ ਮੋਹ ਅੱਖਰ ਅਲੱਗ-ਅਲੱਗ ਤਰ੍ਹਾਂ ਨਾਲ ਆਉਂਦਾ ਹੈ ਜਿਵੇਂ ਕਿ ਮੋਹ, ਮੋਹੁ, ਮੋਹਿ ਅਤੇ ਮੋਹੰ। ਉਦਾਹਰਣ ਵਜੋਂ :

ਮੋਹ ਕੁਟੰਬ ਬਿਖੈ ਰਸ ਮਾਤੇ ਮਿਥਿਆ ਗਹਨ ਗਹੇ ॥ (ਅੰਗ-੪੦੬)

ਰਿਧਿ ਸਿਧਿ ਸਭੁ ਮੋਹੁ ਹੈ ਨਾਮੁ ਨ ਵਸੈ ਮਨਿ ਆਇ ॥ (ਅੰਗ-੫੯੩)

ਏਤੁ ਮੋਹਿ ਡੂਬਾ ਸੰਸਾਰੁ ॥ ਗੁਰਮੁਖਿ ਕੋਈ ਉਤਰੈ ਪਾਰਿ ॥ (ਅੰਗ-੩੫੬)

ਮਿਰਤ ਮੋਹੰ ਅਲਪ ਬੁਧੵੰ ਰਚੰਤਿ ਬਨਿਤਾ ਬਿਨੋਦ ਸਾਹੰ ॥ (ਅੰਗ-੧੩੫੪)

ਮੋਹ ਵੀ ਮਾਇਆ-ਜਾਲ ਦਾ ਹੀ ਇੱਕ ਰੂਪ ਹੈ। ਇਹ ਕੇਵਲ ਨਿੱਜੀ ਹਿੱਤਾਂ ਤੱਕ ਹੀ ਸੀਮਤ ਹੁੰਦਾ ਹੈ, ਜਿਵੇਂ ਆਪਣੇ ਪਰਿਵਾਰ, ਬੱਚਿਆਂ ਅਤੇ ਪ੍ਰਾਪਰਟੀ ਆਦਿ ਨਾਲ ਮੋਹ ਹੋਣਾ। ਮੋਹ ਦੇ ਵਸ ਅਸੀਂ ਆਪਣੇ ਸੁਆਰਥ ਲਈ ਦੂਜਿਆਂ ਨਾਲ ਗਲਤ ਵਿਵਹਾਰ ਵੀ ਕਰਦੇ ਹਾਂ, ਕਿਉਂਕਿ ਇਸ ਵਿੱਚ ਕਿਸੇ ਚੀਜ਼ ਉਤੇ ਆਪਣੀ ਪਕੜ ਬਣਾਈ ਰੱਖਣ ਦੀ ਭਾਵਨਾ ਕੰਮ ਕਰਦੀ ਹੈ। ਪਿਆਰ ਦਾ ਦਾਇਰਾ ਬਹੁਤ ਵਿਸ਼ਾਲ ਹੈ ਕਿਉਂਕਿ ਇਸ ਪਿਛੇ ਸੇਵਾ-ਭਾਵਨਾ ਕੰਮ ਕਰਦੀ ਹੈ। ਪ੍ਰੇਮ ਵਿੱਚ ਆਪਣੇ ਆਪ ਨੂੰ ਸਮਰਪਣ (Surrender) ਕਰਨ ਦੀ ਭਾਵਨਾ ਹੁੰਦੀ ਹੈ। ਇਸ ਲਈ ਅਸੀਂ ਦੂਜਿਆਂ ਨਾਲ ਗਲਤ ਵਿਵਹਾਰ ਨਹੀਂ ਕਰ ਸਕਦੇ। ਗੁਰਬਾਣੀ ਵਿੱਚ ਪ੍ਰੇਮ-ਪਿਆਰ ਦੀ ਭਾਵਨਾ ਨੂੰ ਸਲਾਹੁੰਦੇ ਹੋਏ ਉਪਦੇਸ਼ ਹੈ ਕਿ ਪ੍ਰਮਾਤਮਾ ਨੂੰ ਸੱਚੇ ਦਿਲੋਂ ਪਿਆਰ ਕਰਕੇ ਹੀ ਪਾਇਆ ਜਾ ਸਕਦਾ ਹੈ। ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਨੇ ਆਪਣੀ ਬਾਣੀ ਵਿੱਚ ਸਪਸ਼ਟ ਤੌਰ ਤੇ ਫੁਰਮਾਇਆ ਹੈ :

ਸਾਚੁ ਕਹੋ ਸੁਣ ਲੇਹੁ ਸਭੈ ਜਿਨ ਪ੍ਰੇਮ ਕੀਓ ਤਿਨ ਹੀ ਪ੍ਰਭ ਪਾਇਓ।

ਸੋ ਅਸੀਂ ਇਸ ਮਾਇਆਵੀ ਮੋਹ ਜਾਲ ਦੀ ਪਕੜ ਵਿੱਚ ਨਹੀਂ ਆਉਣਾ ਹੈ। ਮੋਹ ਨੂੰ ਛੱਡ ਕੇ ਹੀ ਅਸੀਂ ਪ੍ਰਮਾਤਮਾ ਨਾਲ ਪਿਆਰ ਪਾ ਸਕਦੇ ਹਾਂ। ਗੁਰਬਾਣੀ ਸਾਨੂੰ ਮੋਹ-ਮਾਇਆ ਵਿਚੋਂ ਨਿਕਲਣ ਦਾ ਉਪਦੇਸ਼ ਕਰਦੀ ਹੈ। ਵੇਖਿਆ ਜਾਵੇ ਤਾਂ ਪ੍ਰਕਿਤੀ ਨੂੰ ਚਲਦਾ

ਰੱਖਣ ਲਈ ਪ੍ਰਮਾਤਮਾ ਨੇ ਸੰਸਾਰ ਦੇ ਸਾਰੇ ਜੀਵਾਂ ਵਿੱਚ ਨਵ-ਜੰਮੇ ਬੱਚਿਆਂ ਦੀ ਸੰਭਾਲ ਲਈ ਮੋਹ ਪਾਇਆ ਹੋਇਆ ਹੈ ਤਾਂ ਜੋ ਸੰਸਾਰ ਪਲਦਾ ਅਤੇ ਵੱਧਦਾ-ਫੁਲਦਾ ਰਹੇ। ਜੇ ਮੋਹ ਨਾ ਹੋਵੇ ਤਾਂ ਕੋਈ ਵੀ ਜੀਵ ਨਵ-ਜੰਮੇ ਬੱਚੇ ਦੀ ਸੰਭਾਲ ਨਾ ਕਰੇ। ਉਸ ਨੂੰ ਖਾਣ ਪੀਣ ਲਈ ਕੁਝ ਨਾ ਦੇਵੇ ਅਤੇ ਨਵ ਜੰਮਿਆ ਬੱਚਾ ਭੁੱਖਣ-ਭਾਣਾ ਹੀ ਮਰ ਜਾਵੇ। ਇਸ ਤਰ੍ਹਾਂ ਸ੍ਰਿਸ਼ਟੀ ਦਾ ਅੰਤ ਹੋ ਸਕਦਾ ਹੈ। ਇਸ ਲਈ ਪ੍ਰਮਾਤਮਾ ਨੇ ਹਰੇਕ ਜੀਵ ਵਿੱਚ ਮੋਹ ਦੀ ਮਿਠਾਸ ਪਾਈ ਹੋਈ ਹੈ।

ਪ੍ਰੰਤੂ ਵੇਖਣ ਵਿੱਚ ਆਉਂਦਾ ਹੈ ਕਿ ਮਨੁੱਖ ਤੋਂ ਇਲਾਵਾ ਸੰਸਾਰ ਦੇ ਸਾਰੇ ਜੀਵ-ਜੰਤੂ ਅਪਣੇ ਨਵ-ਜੰਮੇ ਬੱਚਿਆਂ ਦਾ ਮੋਹ ਉਦੋਂ ਤੱਕ ਹੀ ਕਰਦੇ ਹਨ ਜਦੋਂ ਤਕ ਉਹ ਆਪ ਚੋਗਾ ਚੁਗਣ ਦੇ ਕਾਬਲ ਜਾਂ ਉਡਾਰ ਨਾ ਹੋ ਜਾਣ। ਉਸ ਤੋਂ ਬਾਅਦ ਉਨ੍ਹਾਂ ਦਾ ਆਪਣੇ ਬੱਚਿਆਂ ਪ੍ਰਤੀ ਕੋਈ ਮੋਹ ਦਿਖਾਈ ਨਹੀਂ ਦਿੰਦਾ, ਪ੍ਰੰਤੂ ਇੱਕ ਮਨੁੱਖ ਹੀ ਹੈ ਜੋ ਸਾਰੀ ਉਮਰ ਇਸ ਮੋਹ ਦੇ ਚੱਕਰ ਵਿੱਚ ਫਸਿਆ ਰਹਿੰਦਾ ਹੈ। ਜਦੋਂ ਕਿ ਬੱਚਿਆਂ ਦੇ ਪਾਲਣ ਪੋਸ਼ਣ ਨੂੰ ਇੱਕ ਫਰਜ਼ ਹੀ ਸਮਝਣਾ ਚਾਹੀਦਾ ਹੈ। ਜਿਵੇਂ ਜਿਵੇਂ ਮਨੁੱਖ ਦੀ ਉਮਰ ਵੱਧਦੀ ਹੈ ਅਤੇ ਬੁੱਢਾ ਹੁੰਦਾ ਜਾਂਦਾ ਹੈ, ਤਿਵੇਂ ਤਿਵੇਂ ਇਸ ਦਾ ਆਪਣੇ ਪਰਿਵਾਰ ਅਤੇ ਆਪਣੀ ਪ੍ਰਾਪਰਟੀ ਆਦਿਕ ਪ੍ਰਤੀ ਮੋਹ ਹੋਰ ਵੱਧਦਾ ਜਾਂਦਾ ਹੈ। ਮਨੁੱਖ ਜਿੰਨਾਂ ਜਿਆਦਾ ਮੋਹ ਕਰਦਾ ਹੈ ਉਤਨਾ ਹੀ ਦੁਖੀ ਹੁੰਦਾ ਹੈ । ਇਸ ਮੋਹ-ਮਾਇਆ ਤੋਂ ਕਦੇ ਕਿਸੇ ਨੂੰ ਸੁੱਖ ਪ੍ਰਾਪਤ ਨਹੀਂ ਹੋਇਆ ਹੈ ਸਗੋਂ ਕਲਪਣਾ-ਭਟਕਣਾ, ਝੋਰਾ ਅਤੇ ਦੁੱਖ ਹੀ ਮਿਲਿਆ ਹੈ। ਉਹ ਇਸ ਝੂਠੇ ਆਨੰਦ ਦੇ ਭੁਲੇਖੇ ਵਿੱਚ ਜੱਫੇ ਮਾਰਦਾ ਰਹਿੰਦਾ ਹੈ। ਇਸ ਵਿੱਚ ਇੰਨਾ ਗਲਤਾਨ ਹੋ ਜਾਂਦਾ ਹੈ ਕਿ ਨਿਰਾਸ਼ ਹੋਣ ਦੇ ਬਾਵਜੂਦ ਵੀ ਛੱਡ ਨਹੀਂ ਪਾਉਂਦਾ, ਸਗੋਂ ਕਈ ਵਾਰ ਤਾਂ ਇਸ ਮਾਇਆਵੀ ਮੋਹ ਵਿਚੋਂ ਨਿਰਾਸ਼ ਹੋ ਕੇ ਸਰੀਰਕ ਅਤੇ ਮਾਨਸਿਕ ਦੁੱਖ ਭੋਗਦਾ ਹੈ।

ਸਾਡਾ ਮਨ ਪਰਮ-ਸੁੱਖ ਦੀ ਪ੍ਰਾਪਤੀ ਦੀ ਜੁਗਤ ਤੋਂ ਅਣਜਾਣ ਹੋਣ ਕਰਕੇ ਇਸ ਦੁਨਿਆਵੀ ਮੋਹ ਵਿੱਚ ਹੀ ਫਸਿਆ ਰਹਿੰਦਾ ਹੈ, ਜੋ ਕਿ 'ਗੋਬਿੰਦ ਮਿਲਣ ਕੀ ਇਹ ਤੇਰੀ ਬਰੀਆ' ਦੇ ਲਕਸ਼ ਦੀ ਪ੍ਰਾਪਤੀ ਕਰਨ ਵਿੱਚ ਬਹੁਤ ਵੱਡੀ ਰੁਕਾਵਟ ਹੈ। ਦੁਨੀਆ ਦੇ ਮੋਹ ਵੱਲੋਂ ਉਪਰਾਮ ਹੋਏ ਬਿਨਾਂ ਪ੍ਰਮਾਤਮਾ ਦੇ ਮਿਲਣ ਦੇ ਰਸਤੇ ਤੇ ਚੱਲਿਆ ਨਹੀਂ ਜਾ ਸਕਦਾ। ਮਨੁੱਖਾ ਜਨਮ ਪ੍ਰਮਾਤਮਾ ਨੂੰ ਮਿਲਣ ਦਾ ਸੁਭਾਗਾ ਸਮਾਂ ਇਨਸਾਨ ਨੂੰ ਮਿਲਿਆ ਹੈ। ਗੁਰਬਾਣੀ ਦਾ ਫੁਰਮਾਨ ਹੈ "ਭਈ ਪਰਾਪਤਿ ਮਾਨੁਖ ਦੇਹੁਰੀਆ ॥ ਗੋਬਿੰਦ ਮਿਲਣ ਕੀ ਇਹ ਤੇਰੀ ਬਰੀਆ ॥ " ਰੱਬ ਨੂੰ ਕਿਵੇ ਮਿਲਿਆ ਜਾ ਸਕਦਾ ਹੈ ? ਇਸ ਮਨੋਰਥ ਲਈ ਦੁਨੀਆਦਾਰੀ ਵਿਚੋਂ ਕੀ ਛੱਡਣਾ ਹੈ ਅਤੇ ਕੀ ਅਪਨਾਉਣਾ ਹੈ ? ਇਸ ਬਾਰੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿੱਚ ਵਿਸਥਾਰ-ਪੂਰਬਕ ਸਮਝਾਇਆ ਗਿਆ ਹੈ।

ਸ੍ਰੀ ਗੁਰੂ ਨਾਨਕ ਦੇਵ ਜੀ ਫੁਰਮਾਉਂਦੇ ਹਨ :

ਮੋਹੁ ਕੁਟੰਬੁ ਮੋਹੁ ਸਭ ਕਾਰ ॥ ਮੋਹੁ ਤੁਮ ਤਜਹੁ ਸਗਲ ਵੇਕਾਰ ॥੧॥ ਮੋਹੁ ਅਰੁ ਭਰਮੁ ਤਜਹੁ ਤੁਮ੍ ਬੀਰ ॥ ਸਾਚੁ ਨਾਮੁ ਰਿਦੇ ਰਵੈ ਸਰੀਰ ॥੧॥ ਰਹਾਉ ॥ ਸਚੁ ਨਾਮੁ ਜਾ ਨਵ ਨਿਧਿ ਪਾਈ ॥ ਰੋਵੈ ਪੂਤੁ ਨ ਕਲਪੈ ਮਾਈ ॥੨॥ ਏਤੁ ਮੋਹਿ ਡੂਬਾ ਸੰਸਾਰੁ ॥ ਗੁਰਮੁਖਿ ਕੋਈ ਉਤਰੈ ਪਾਰਿ ॥੩॥ ਏਤੁ ਮੋਹਿ ਫਿਰਿ ਜੂਨੀ ਪਾਹਿ ॥ ਮੋਹੇ ਲਾਗਾ ਜਮ ਪੁਰਿ ਜਾਹਿ ॥੪॥ ਗੁਰ ਦੀਖਿਆ ਲੇ ਜਪੁ ਤਪੁ ਕਮਾਹਿ ॥ ਨਾ ਮੋਹੁ ਤੂਟੈ ਨਾ ਥਾਇ ਪਾਹਿ ॥੫॥ ਨਦਰਿ ਕਰੇ ਤਾ ਏਹੁ ਮੋਹੁ ਜਾਇ ॥ ਨਾਨਕ ਹਰਿ ਸਿਉ ਰਹੈ ਸਮਾਇ ॥੬॥ (ਅੰਗ-੩੫੬)

ਇਹ ਮੋਹ ਮਨੁੱਖ/ਜੀਵ ਦੇ ਮਨ ਵਿੱਚ ਪਰਿਵਾਰ ਦੀ ਮਮਤਾ ਪੈਦਾ ਕਰਦਾ ਹੈ ਅਤੇ ਜਗਤ ਦੀ ਸਾਰੀ ਕਾਰ ਚਲਾ ਰਿਹਾ ਹੈ। ਪਰ ਇਹ ਵਿਕਾਰ ਵੀ ਪੈਦਾ ਕਰਦਾ ਹੈ, ਇਸ ਵਾਸਤੇ ਇਸ ਨੂੰ ਛੱਡ ਦੇਣਾ ਚਾਹੀਦਾ ਹੈ। ਦੁਨੀਆ ਦਾ ਮੋਹ ਅਤੇ ਮਨ ਦੀ ਭਟਕਣਾ ਵੀ ਦੂਰ ਕਰਨੀ ਚਾਹੀਦੀ ਹੈ ਤਦ ਹੀ ਮਨੁੱਖ ਪਰਮਾਤਮਾ ਦਾ ਅਟੱਲ ਨਾਮ ਆਪਣੇ ਹਿਰਦੇ ਵਿੱਚ ਵਸਾ ਸਕਦਾ ਹੈ। ਸੱਚੇ ਨਾਮ ਦੇ ਨਾਲ ਹੀ ਨੌਂ-ਨਿਧੀਆਂ ਪ੍ਰਾਪਤ ਹੁੰਦੀਆਂ ਹਨ। ਫਿਰ ਮਨ, ਮਾਇਆ ਦਾ ਪੁੱਤਰ ਨਹੀਂ ਬਣਿਆ ਰਹਿੰਦਾ, ਉਸ ਦੀ ਪ੍ਰਾਪਤੀ ਵਾਸਤੇ ਕਲਪਦਾ ਅਤੇ ਰੋਂਦਾ ਨਹੀਂ ਹੈ।

ਇਸ ਮੋਹ ਵਿੱਚ ਸਾਰਾ ਸੰਸਾਰ ਡੁੱਬਿਆ ਪਿਆ ਹੈ। ਕੋਈ ਵਿਰਲਾ ਮਨੁੱਖ ਜੋ ਗੁਰੂ ਦੇ ਦੱਸੇ ਰਸਤੇ ਤੇ ਤੁਰਦਾ ਹੈ, ਉਹ ਮੋਹ ਦੇ ਸਮੁੰਦਰ ਵਿਚੋਂ ਪਾਰ ਲੰਘਦਾ ਹੈ। ਇਸ ਵਿੱਚ ਫਸਿਆ ਹੋਇਆ ਮਨੁੱਖ ਮੁੜ-ਮੁੜ ਜੂਨਾਂ ਵਿੱਚ ਪੈਂਦਾ ਹੈ ਅਤੇ ਜਮਦੂਤਾਂ ਦੀ ਪੁਰੀ (ਦੇਸ਼) ਵਿੱਚ ਜਾਂਦਾ ਹੈ ਅਤੇ ਬਹੁਤ ਦੁੱਖ ਸਹਿੰਦਾ ਹੈ। ਜਿਹੜੇ ਬੰਦੇ ਗੁਰੂ ਦੀ ਸਿੱਖਿਆ ਲੈ ਕੇ ਭਾਵੇਂ ਜਪ-ਤਪ ਵੀ ਕਰਦੇ ਹਨ ਪ੍ਰੰਤੂ ਜਦੋਂ ਤੱਕ ਉਨ੍ਹਾਂ ਦਾ ਮੋਹ ਨਹੀਂ ਟੁੱਟਦਾ ਉਦੋਂ ਤੱਕ ਉਹ ਪ੍ਰਭੂ ਦੀ ਹਜੂਰੀ ਵਿੱਚ ਕਬੂਲ ਨਹੀਂ ਹੁੰਦੇ। ਪ੍ਰਮਾਤਮਾ ਦੀ ਮੇਹਰ ਦੀ ਨਦਰ ਨਾਲ ਇਹ ਮੋਹ ਦੂਰ ਹੁੰਦਾ ਹੈ ਅਤੇ ਅਜਿਹੀ ਨਦਰ ਦੇ ਪਾਤਰ ਮਨੁੱਖ ਸਦਾ ਲਈ ਪਰਮਾਤਮਾ ਵਿਚ ਲੀਨ ਹੋਏ ਰਹਿੰਦੇ ਹਨ।

ਮਿਥੰਤ ਦੇਹੰ ਖੀਣੰਤ ਬਲਨੰ ॥ ਬਰਧੰਤਿ ਜਰੂਆ ਹਿਤ੍ੰਤ ਮਾਇਆ ॥ ਅਤ੍ੰਤ ਆਸਾ ਆਥਿਤ੍ ਭਵਨੰ ॥ ਗਨੰਤ ਸ੍ਵਾਸਾ ਭੈਯਾਨ ਧਰਮੰ ॥ ਪਤੰਤਿ ਮੋਹ ਕੂਪ ਦੁਰਲਭ੍ ਦੇਹੰ ਤਤ ਆਸ੍ਰਯੰ ਨਾਨਕ ॥ ਗੋਬਿੰਦ ਗੋਬਿੰਦ ਗੋਬਿੰਦ ਗੋਪਾਲ ਕ੍ਰਿਪਾ ॥੩॥

ਇਹ ਦੇਹੀ ਝੂਠੀ ਨਾਸ਼ਵੰਤ ਹੈ ਅਤੇ ਇਸ ਦਾ ਬਲ ਵੀ ਘਟਦਾ ਰਹਿੰਦਾ ਹੈ । ਜਿਉਂ-ਜਿਉਂ ਬੁਢੇਪਾ ਆਉਂਦਾ ਜਾਂਦਾ ਹੈ, ਮਾਇਆ ਦਾ ਮੋਹ ਵੀ ਜ਼ਿਆਦਾ ਹੁੰਦਾ ਜਾਂਦਾ ਹੈ। ਸਰੀਰ-ਰੂਪ ਘਰ ਵਿੱਚ ਇਹ ਜੀਵ ਪ੍ਰਾਹੁਣਾ ਹੈ, ਪਰ ਪਦਾਰਥਾਂ ਦੀਆਂ ਆਸਾਂ ਤੇ ਉਮੀਦਾਂ ਵਧੇਰੇ ਬੰਨ੍ਹਦਾ ਹੈ। ਧਰਮ ਰਾਜ ਦੇ ਡਰਾਉਣੇ ਜਮਦੂਤ ਇਸ ਜੀਵ ਦੇ ਸੁਆਸ ਗਿਣਦੇ ਰਹਿੰਦੇ ਹਨ। ਇਹ ਅਮੋਲਕ ਮਨੁੱਖਾ ਦੇਹੀ ਮੋਹ ਦੇ ਖੂਹ ਵਿੱਚ ਡਿੱਗੀ ਰਹਿੰਦੀ ਹੈ।

ਗੁਰੂ ਜੀ ਫ਼ਰਮਾਉਂਦੇ ਹਨ ਕਿ ਐਸੀ ਸਥਿਤੀ ਵਿਚ ਗੋਪਾਲ ਪ੍ਰਭੂ ਦਾ ਸਿਮਰਨ ਅਤੇ ਪ੍ਰਮਾਤਮਾ ਦਾ ਆਸਰਾ ਲੈਣ ਨਾਲ ਪ੍ਰਾਣੀ ਦਾ ਬਚਾਅ ਹੋ ਸਕਦਾ ਹੈ।

ਮ੍ਰਿਗ ਤ੍ਰਿਸਨਾ ਗੰਧਰਬ ਨਗਰੰ ਦ੍ਰੁਮ ਛਾਯਾ ਰਚਿ ਦੁਰਮਤਿਹ ॥
ਤਤਹ ਕੁਟੰਬ ਮੋਹ ਮਿਥ੍ਯਾ ਸਿਮਰੰਤਿ ਨਾਨਕ ਰਾਮ ਰਾਮ ਨਾਮਹ ॥੩੦॥

ਜਿਵੇਂ ਖੋਟੀ ਮੱਤ ਵਾਲਾ ਜੀਵ ਮ੍ਰਿਗ-ਤ੍ਰਿਸ਼ਨਾ (ਠਗਨੀਰੇ), ਗੰਧਰਬ ਨਗਰੀ ਆਕਾਸ਼ ਵਿੱਚ ਇਕ ਫ਼ਰਜ਼ੀ ਨਗਰੀ ਅਤੇ ਰੁੱਖ ਦੀ ਛਾਂ ਨੂੰ ਅਸਲੀਅਤ ਮੰਨ ਕੇ ਖਚਿੱਤ ਹੁੰਦਾ ਹੈ ਤਿਵੇਂ ਕੁਟੰਬ ਦਾ ਮੋਹ ਵੀ ਝੂਠਾ ਤਥਾ ਨਾਸ਼ਵੰਤ ਹੈ ਪਰ ਬੇਸਮਝੀ ਕਾਰਨ ਮਨੁੱਖ ਇਸ ਮੋਹ ਵਿਚ ਰੱਚਿਆ ਰਹਿੰਦਾ ਹੈ।

ਗੁਰੂ ਜੀ ਫ਼ਰਮਾਉਂਦੇ ਹਨ ਕਿ ਮੋਹ ਮਾਇਆ ਤੋਂ ਉਹੀ ਬੱਚਦੇ ਹਨ, ਜੋ ਪ੍ਰਮਾਤਮਾ ਦਾ ਨਾਮ ਸਿਮਰਦੇ ਹਨ।

ਸ੍ਰੀ ਗੁਰੂ ਅਮਰਦਾਸ ਜੀ ਨੇ ਮਾਇਆ-ਮੋਹ ਦੀ ਮਿਠਾਸ ਨੂੰ ਠਗਉਲੀ (ਠੱਗ-ਬੂਟੀ) ਦੱਸਿਆ ਹੈ। ਆਨੰਦ ਸਾਹਿਬ ਦੀ ਬਾਣੀ ਵਿੱਚ ਫਰਮਾਉਂਦੇ ਹਨ ਕਿ

ਏ ਮਨ ਚੰਚਲਾ ਚਤੁਰਾਈ ਕਿਨੈ ਨ ਪਾਇਆ ॥ ਚਤੁਰਾਈ ਨ ਪਾਇਆ ਕਿਨੈ ਤੂ ਸੁਣਿ ਮੰਨ ਮੇਰਿਆ ॥ ਏਹ ਮਾਇਆ ਮੋਹਣੀ ਜਿਨਿ ਏਤੁ ਭਰਮਿ ਭੁਲਾਇਆ ॥ ਮਾਇਆ ਤ ਮੋਹਣੀ ਤਿਨੈ ਕੀਤੀ ਜਿਨਿ ਠਗਉਲੀ ਪਾਈਆ ॥ ਕੁਰਬਾਣੁ ਕੀਤਾ ਤਿਸੈ ਵਿਟਹੁ ਜਿਨਿ ਮੋਹੁ ਮੀਠਾ ਲਾਇਆ ॥ ਕਹੈ ਨਾਨਕੁ ਮਨ ਚੰਚਲ ਚਤੁਰਾਈ ਕਿਨੈ ਨ ਪਾਇਆ ॥੧੦॥ (ਅੰਗ-੯੧੮)

ਮਨ ਦੀਆਂ ਚਤਰਾਈਆਂ ਨਾਲ ਪ੍ਰਮਾਤਮਾ ਨੂੰ ਨਹੀਂ ਪਾਇਆ ਜਾ ਸਕਦਾ। ਇਹ ਜੋ ਜੀਵ ਸੰਸਾਰ ਰੂਪੀ ਮਾਇਆ ਵਿੱਚ ਫਸੇ ਹੋਏ ਹਨ ਉਹ ਇਸ ਵਸਤੂ ਨੂੰ ਮਿੱਠੀ ਸਮਝ ਕੇ ਕੁਰਾਹੇ ਪਏ ਹੋਏ ਹਨ। ਮਾਇਆ ਦੇ ਮੋਹ ਦੀ ਠਗਬੂਟੀ ਜੀਵਾਂ ਨੂੰ ਚੰਬੜੀ ਹੋਈ ਹੈ। ਜੋ ਜੀਵਨ ਦੇ ਅਸਲੀ ਮਨੋਰਥ ਨੂੰ ਭੁਲਾਈ ਰੱਖਦੀ ਹੈ। ਗੁਰੂ ਜੀ ਫੁਰਮਾਉਂਦੇ ਹਨ ਕਿ ਮੈਂ ਉਸ ਪ੍ਰਭੂ ਦੀ ਅਸਚਰਜਤਾ ਤੋਂ ਸਦਕੇ ਜਾਂਦਾ ਹਾਂ ਜਿਸ ਨੇ ਇਸ ਮਾਇਆ ਦਾ ਮੋਹ ਮਿੱਠਾ ਕਰਕੇ ਲਾਇਆ ਹੋਇਆ ਹੈ ਅਤੇ ਸਾਰੀ ਦੁਨੀਆਂ ਇਸ ਵਿੱਚ ਉਲਝੀ ਹੋਈ ਹੈ। ਫਿਰ ਦੁਬਾਰਾ

ਸਮਝਾਉਂਦੇ ਹਨ ਕਿ ਹੇ ਭਾਈ ਮਨ ਦੀ ਚੰਚਲਤਾਈ ਅਤੇ ਚੁਤਰਾਈ ਨਾਲ ਕਿਸੇ ਨੇ ਵੀ ਪ੍ਰਮਾਤਮਾ ਦੀ ਪ੍ਰਾਪਤੀ ਨਹੀਂ ਕੀਤੀ ਹੈ ਸਗੋਂ ਗੁਰੂ ਦੀ ਮੱਤ ਅਨੁਸਾਰ ਚੱਲ ਕੇ ਹੀ ਇਹ ਪ੍ਰਾਪਤੀ ਹੁੰਦੀ ਹੈ।

ਸ੍ਰੀ ਗੁਰੂ ਰਾਮਦਾਸ ਜੀ ਵੀ ਉਚਾਰਨ ਕਰਦੇ ਹਨ :

ਮੋਹੁ ਕੁਟੰਬੁ ਦਿਸਿ ਆਵਦਾ ਸਭੁ ਚਲਣਹਾਰਾ ਆਵਣ ਜਾਣਾ ॥
ਜੋ ਬਿਨੁ ਸਚੇ ਹੋਰਤੁ ਚਿਤੁ ਲਾਇਦੇ ਸੇ ਕੂੜਿਆਰ ਕੂੜਾ ਤਿਨ ਮਾਣਾ ॥
ਨਾਨਕ ਸਚੁ ਧਿਆਇ ਤੂ ਬਿਨੁ ਸਚੇ ਪਚਿ ਪਚਿ ਮੁਏ ਅਜਾਣਾ ॥੧੦॥ (ਅੰਗ-੩੦੫)

ਇਹ ਜੋ ਮੋਹ ਰੂਪ ਕੁਟੰਬ ਦਿਖਾਈ ਦਿੰਦਾ ਹੈ ਸਭ ਬਿਨਸਨਹਾਰ ਹੈ ਅਤੇ ਸੰਸਾਰ ਵਿੱਚ ਮੁੜ-ਮੁੜ ਕੇ ਜੰਮਣ-ਮਰਨ ਦਾ ਕਾਰਨ ਬਣਦਾ ਹੈ। ਜੋ ਸੱਚੇ ਹਰੀ ਤੋਂ ਬਿਨਾਂ ਕਿਸੇ ਹੋਰ ਨਾਲ ਮਨ ਜੋੜਦੇ ਹਨ ਉਹ ਕੂੜ ਦੇ ਵਪਾਰੀ ਹਨ ਅਤੇ ਉਨ੍ਹਾਂ ਦਾ ਇਸ ਤਰ੍ਹਾਂ ਦਾ ਮਾਣ ਕਰਨਾ ਝੂਠਾ ਹੈ। ਇਸ ਲਈ ਸੱਚੇ ਪ੍ਰਭੂ ਦਾ ਸਿਮਰਨ ਕਰੀਏ ਕਿਉਂਕਿ ਉਸ ਤੋਂ ਵਾਂਝੇ ਹੋ ਕੇ ਮੂਰਖ ਜੀਵ ਬਹੁਤ ਦੁਖੀ ਹੋ ਕੇ ਆਤਮਿਕ ਮੌਤ ਸਹੇੜਦੇ ਹਨ।

ਗੁਰੂ ਅਰਜਨ ਦੇਵ ਜੀ ਗਉੜੀ ਮਹਲਾ ੫ (ਪਉੜੀ) ਵਿੱਚ ਫੁਰਮਾਨ ਕਰਦੇ ਹਨ :

ਏਊ ਜੀਅ ਬਹੁਤੁ ਗ੍ਰਭ ਵਾਸੇ ॥ ਮੋਹ ਮਗਨ ਮੀਠ ਜੋਨਿ ਫਾਸੇ ॥ ਇਨਿ ਮਾਇਆ ਤ੍ਰੈ ਗੁਣ ਬਸਿ ਕੀਨੇ ॥ ਆਪਨ ਮੋਹ ਘਟੇ ਘਟਿ ਦੀਨੇ ॥ ਏ ਸਾਜਨ ਕਛੁ ਕਹਹੁ ਉਪਾਇਆ ॥ ਜਾ ਤੇ ਤਰਉ ਬਿਖਮ ਇਹ ਮਾਇਆ ॥ ਕਰਿ ਕਿਰਪਾ ਸਤਸੰਗਿ ਮਿਲਾਏ ॥ ਨਾਨਕ ਤਾ ਕੈ ਨਿਕਟਿ ਨ ਮਾਏ ॥੭॥ (ਅੰਗ-੨੫੧)

ਜੋ ਇਹ ਮੋਹ ਰੂਪੀ ਮਾਇਆ ਹੈ ਇਸ ਦੇ ਮਿਠੇ ਮੋਹ ਵਿੱਚ ਮਸਤ ਹੋ ਕੇ ਜੀਵ ਅਨੇਕਾਂ ਜੂਨਾਂ ਦੇ ਗੇੜ ਵਿੱਚ ਫਸ ਜਾਂਦੇ ਹਨ। ਇਸ ਨੇ ਜੀਵਾਂ ਨੂੰ ਆਪਣੇ ਤਿੰਨ ਗੁਣਾਂ ਰਜੋ, ਤਮੋ ਅਤੇ ਸਤੋ ਦੇ ਵੱਸ ਵਿੱਚ ਕਰ ਰੱਖਿਆ ਹੈ ਅਤੇ ਹਰੇਕ ਜੀਵ ਦੇ ਹਿਰਦੇ ਵਿੱਚ ਆਪਣਾ ਮੋਹ ਟਿਕਾ ਦਿੱਤਾ ਹੈ। ਇਸ ਲਈ ਮਹਾਰਾਜ ਸਾਨੂੰ ਸਮਝਾਉਂਦੇ ਹਨ ਕਿ ਹੇ ਜੀਵ ਕੋਈ ਅਜਿਹਾ ਉਪਾਅ ਕਰੋ ਜਿਸ ਦੇ ਨਾਲ ਇਹ ਜ਼ਹਿਰ ਰੂਪੀ ਮਾਇਆ ਦੇ ਮੋਹ ਰੂਪ ਸਮੁੰਦਰ ਵਿੱਚੋਂ ਪਾਰ ਲੰਘਿਆ ਜਾਵੇ। ਇਸ ਦੇ ਨਾਲ ਹੀ ਉਪਾਅ ਦੱਸਦੇ ਹੋਏ ਫੁਰਮਾਉਂਦੇ ਹਨ ਕਿ ਪ੍ਰਭੂ ਦੀ ਕਿਰਪਾ ਨਾਲ ਜੀਵ ਸਤਿਸੰਗ ਵਿੱਚ ਜਾ ਕੇ ਪਰਮਾਤਮਾ ਦਾ ਨਾਮ ਸਿਮਰਨ ਕਰੇ ਅਤੇ ਉਸ ਦੀ ਸਿਫਤ ਸਲਾਹ ਸੁਣੇ, ਜਿਥੇ ਕਿ ਇਹ ਮੋਹ ਰੂਪੀ ਮਾਇਆ ਨੇੜੇ ਨਹੀਂ ਆਉਂਦੀ ਹੈ। ਇਸ ਸੰਬੰਧ ਵਿੱਚ ਹੋਰ ਫਰਮਾਉਂਦੇ ਹਨ :

ਮੋਹ ਭਰਮਿ ਬਹੁ ਜੋਨਿ ਭਵਾਇਆ ॥ ਅਸਥਿਰੁ ਭਗਤ ਹਰਿ ਚਰਣ ਧਿਆਇਆ ॥੨॥ ਬੰਧਨ ਅੰਧ ਕੂਪ ਗ੍ਰਿਹ ਮੇਰਾ ॥ ਮੁਕਤੇ ਸੰਤ ਬੁਝਹਿ ਹਰਿ

ਨੇਰਾ ॥੩॥ ਕਹੁ ਨਾਨਕ ਜੋ ਪ੍ਰਭ ਸਰਣਾਈ ॥ ਈਹਾ ਸੁਖੁ ਆਗੈ ਗਤਿ ਪਾਈ ॥੪॥ (ਅੰਗ-੩੮੮)

ਮੋਹ ਕੁਟੰਬ ਬਿਖੈ ਰਸ ਮਾਤੇ ਮਿਥਿਆ ਗਹਨ ਗਹੇ ॥੧॥ ਮਿਥਨ ਮਨੋਰਥ ਸੁਪਨ ਆਨੰਦ ਉਲਾਸ ਮਨਿ ਮੁਖਿ ਸਤਿ ਕਹੇ ॥੨॥ ਅੰਮ੍ਰਿਤੁ ਨਾਮੁ ਪਦਾਰਥੁ ਸੰਗੇ ਤਿਲੁ ਮਰਮੁ ਨ ਲਹੇ ॥੩॥ ਕਰਿ ਕਿਰਪਾ ਰਾਖੇ ਸਤਸੰਗੇ ਨਾਨਕ ਸਰਣਿ ਆਹੇ ॥੪॥ (ਅੰਗ-੪੦੬)

ਮਾਇਆ ਦੇ ਮੋਹ ਵਿੱਚ ਝੱਲੇ ਹੋਏ ਮਨੁੱਖ ਗਫਲਤ ਦੀ ਨੀਂਦ ਵਿੱਚ ਸੁੱਤੇ ਰਹਿੰਦੇ ਹਨ। ਉਹ ਪਰਿਵਾਰ ਦੇ ਮੋਹ ਅਤੇ ਵਿਸ਼ਿਆਂ- ਵਿਕਾਰਾਂ ਦੇ ਸੁਆਦਾਂ ਵਿੱਚ ਮਸਤ ਹੋ ਕੇ ਕੂੜੀਆਂ/ਝੂਠੀਆਂ ਮੱਲਾਂ ਮਾਰਦੇ ਰਹਿੰਦੇ ਹਨ। ਮਾਇਆ ਦੇ ਪਦਾਰਥਾਂ ਵਿੱਚ ਪਾਗਲ ਹੋਏ ਮਨ ਉਨ੍ਹਾਂ ਪਦਾਰਥਾਂ ਦੀ ਹੀ ਲਾਲਸਾ ਕਰਦੇ ਰਹਿੰਦੇ ਹਨ ਜਿਨ੍ਹਾਂ ਨੇ ਨਾਲ ਨਹੀਂ ਨਿਭਣਾ, ਜਿਹੜੇ ਕਿ ਸੁਪਨਿਆਂ ਵਿੱਚ ਪ੍ਰਤੀਤ ਹੋ ਰਹੇ ਮੌਜ-ਮੇਲਿਆਂ ਵਾਂਗ ਹੀ ਹਨ। ਅਜਿਹੇ ਬੰਦੇ ਆਪਣੇ ਮਨ ਵਿੱਚ ਇਹ ਸਮਝਦੇ ਹਨ ਕਿ ਇਨ੍ਹਾਂ ਪਦਾਰਥਾਂ ਨੇ ਹੀ ਸਦਾ ਕਾਇਮ ਰਹਿਣਾ ਹੈ ਅਤੇ ਗੱਲੀਂ-ਬਾਤੀ ਵੀ ਉਨ੍ਹਾਂ ਨੂੰ ਹੀ ਪੱਕਾ ਸਾਥੀ ਆਖਦੇ ਹਨ, ਜਦੋ ਕਿ ਅਸਲ ਵਿੱਚ ਆਤਮਿਕ ਜੀਵਨ ਦੇਣ ਵਾਲਾ ਹਰੀ-ਨਾਮ ਹੀ ਸਦਾ ਸਾਥ ਦੇਣ ਵਾਲਾ ਹੈ। ਪਰ ਮਾਇਆ ਦੇ ਮੋਹ ਵਿੱਚ ਝੱਲੇ ਹੋਏ ਮਨੁੱਖ ਇਸ ਹਰੀ ਦੇ ਨਾਮ ਦਾ ਰਤਾ ਵੀ ਭੇਤ ਨਹੀਂ ਜਾਣਦੇ। ਗੁਰੂ ਜੀ ਬਖਸ਼ਿਸ਼ ਕਰਦੇ ਹਨ ਕਿ ਇਨ੍ਹਾਂ ਜੀਵਾਂ ਦੇ ਵਸ ਕੁਝ ਨਹੀਂ ਹੈ ਇਸ ਲਈ ਪ੍ਰਭੂ ਜੀ, ਤੁਸੀਂ ਜਿਨ੍ਹਾਂ ਉੱਤੇ ਆਪਣੀ ਮਿਹਰ ਕਰਕੇ, ਸਾਧ ਸੰਗਤ ਵਿੱਚ ਰੱਖਦੇ ਹੋ ਉਹ ਹੀ ਆਪ ਜੀ ਦੀ ਸ਼ਰਨ ਵਿੱਚ ਆ ਸਕਦੇ ਹਨ। ਮੋਹ ਦੀ ਭਟਕਣਾ ਵਿੱਚ ਪੈ ਕੇ ਮਨੁੱਖ ਅਨੇਕਾਂ ਜੂਨਾਂ ਵਿੱਚ ਭਟਕਦੇ ਰਹਿੰਦੇ ਹਨ, ਜਦੋਂ ਕਿ ਭਗਤ ਜਨ ਪਰਮਾਤਮਾ ਦੇ ਚਰਨਾਂ ਦਾ ਧਿਆਨ ਧਰਦੇ ਹਨ, ਉਹ ਅਡੋਲ ਰਹਿੰਦੇ ਹਨ। ਮੋਹ ਦੇ ਬੰਧਨਾਂ ਵਿੱਚ ਪਏ ਹੋਏ ਬੰਦੇ ਮੇਰਾ-ਮੇਰਾ (ਭਾਵ ਇਹ ਘਰ ਮੇਰਾ, ਇਹ ਵਸਤੂ ਮੇਰੀ) ਕਹਿੰਦੇ ਹੋਏ ਹੀ ਇਸ ਅੰਧੇਰੇ ਖੂਹ ਵਿੱਚ ਡਿੱਗੇ ਰਹਿੰਦੇ ਹਨ :

ਮੇਰੀ ਮੇਰੀ ਕਰਤੇ ਜਨਮੁ ਗਇਓ ॥ (ਭਗਤ ਕਬੀਰ ਜੀ)

ਪ੍ਰੰਤੂ ਉਹ ਸੰਤ ਜਨ ਹੀ ਇਸ ਗੱਲ ਤੋਂ ਨਿਰਲੇਪ/ਆਜ਼ਾਦ ਰਹਿੰਦੇ ਹਨ ਜਿਹੜੇ ਪਰਮਾਤਮਾ ਨੂੰ ਹਰ ਵੇਲੇ ਆਪਣੇ ਨੇੜੇ ਵਸਦਾ ਸਮਝਦੇ ਹਨ। ਜੋ ਪ੍ਰਾਣੀ ਪ੍ਰਭੂ ਦੀ ਸ਼ਰਨ ਵਿੱਚ ਪਿਆ ਰਹਿੰਦਾ ਹੈ ਉਹ ਇਸ ਲੋਕ ਵਿੱਚ ਆਤਮਿਕ ਆਨੰਦ ਮਾਣਦਾ ਹੈ ਅਤੇ ਪ੍ਰਲੋਕ ਵਿੱਚ ਵੀ ਉਹ ਉੱਚੀ ਅਨੰਦਿਤ ਆਤਮਿਕ ਅਵਸਥਾ ਹਾਸਲ ਕਰੀ ਰੱਖਦਾ ਹੈ।

ਸੁਖਮਨੀ ਸਾਹਿਬ ਜੀ ਦੀ ਬਾਣੀ ਵਿੱਚ ਸ੍ਰੀ ਗੁਰੂ ਅਰਜਨ ਦੇਵ ਜੀ ਸਮਝਾਉਂਦੇ ਹਨ

ਕਿ ਜੋ ਪ੍ਰਾਣੀ ਆਪਣੇ ਗੁਰੂ ਦੇ ਸੱਚੇ ਉਪਦੇਸ਼ ਤੇ ਚਲਦੇ ਹੋਏ ਨਾਮ ਜਪਦਾ ਹੈ, ਉਸ ਨੂੰ ਮਾਇਆ ਦਾ ਮੋਹ ਕਦੇ ਵੀ ਨਹੀਂ ਵਿਆਪਦਾ ਹੈ। ਉਹ ਆਪਣੇ ਮਨ ਵਿੱਚ ਸਦਾ ਪ੍ਰਭੂ ਦਾ ਨਾਮ ਟਿਕਾਈ ਰੱਖਦਾ ਹੈ।

ਮੋਹ ਮਾਇਆ ਕੈ ਸੰਗਿ ਨ ਲੇਪੁ ॥ ਮਨ ਮਹਿ ਰਾਖੈ ਹਰਿ ਹਰਿ ਏਕੁ ॥ (ਅੰਗ-੨੮੭)

ਇਸ ਤੋਂ ਇਲਾਵਾ ਕ੍ਰਿਪਾ ਕਰਦੇ ਹਨ :

ਸੁਨੀਅਤ ਪ੍ਰਭ ਤਉ ਸਗਲ ਉਧਾਰਨ ॥
ਮੋਹ ਮਗਨ ਪਤਿਤ ਸੰਗਿ ਪ੍ਰਾਨੀ ਐਸੇ ਮਨਹਿ ਬਿਸਾਰਨ ॥੧॥ (ਅੰਗ-੮੨੦)

ਭਾਵੇਂ ਕਿ ਪ੍ਰਾਣੀ ਪਹਿਲਾਂ ਮੋਹ ਅਤੇ ਵਿਕਾਰਾਂ ਵਿੱਚ ਡੁੱਬੇ ਹੋਏ ਪ੍ਰਾਣੀਆਂ ਦੀ ਕੁਸੰਗਤ ਵਿੱਚ ਹੋਣ ਕਰਕੇ ਪ੍ਰਮਾਤਮਾ ਨੂੰ ਭੁਲਾਈ ਰੱਖਦੇ ਹੋਣ ਪਰ ਜਦੋਂ ਉਹ ਅਜਿਹੀ ਕੁਸੰਗਤ ਛੱਡ ਕੇ ਸੱਚੇ ਦਿਲੋਂ ਪ੍ਰਮਾਤਮਾ ਦੀ ਸ਼ਰਨ ਵਿੱਚ ਪੈ ਜਾਣ ਤਦ ਪ੍ਰਮਾਤਮਾ ਕ੍ਰਿਪਾ/ਰਹਿਮ ਕਰਕੇ ਉਨ੍ਹਾਂ ਦਾ ਵੀ ਉਧਾਰ ਕਰ ਦਿੰਦਾ ਹੈ।

ਹਮ ਤੇ ਕਛੂ ਨ ਹੋਵਨਾ ਸਰਣਿ ਪ੍ਰਭ ਸਾਧ ॥
ਮੋਹ ਮਗਨ ਕੂਪ ਅੰਧ ਤੇ ਨਾਨਕ ਗੁਰ ਕਾਢ ॥੪॥ (ਅੰਗ-੮੧੬)

ਮੋਹੁ ਗੁਮਾਨੁ ਗੁਰ ਸਬਦਿ ਜਲਾਏ ॥ ਪੂਰੇ ਗੁਰ ਤੇ ਸੋਝੀ ਪਾਏ ॥ (ਅੰਗ-੩੬੩)

ਹੇ ਪ੍ਰਭੂ ! ਤੇਰੀ ਕਿਰਪਾ ਤੋਂ ਬਿਨਾਂ ਸਾਡੇ ਜੀਵਾਂ ਪਾਸੋਂ ਕੁਝ ਵੀ ਨਹੀਂ ਹੋ ਸਕਦਾ, ਸਾਨੂੰ ਗੁਰੂ ਦੀ ਸ਼ਰਨ ਵਿੱਚ ਪਾਈ ਰੱਖ ਅਤੇ ਮਾਇਆ ਦੇ ਮੋਹ ਵਿੱਚ ਡੁੱਬੇ ਹੋਏ ਜੀਵਾਂ ਨੂੰ ਇਸ ਹਨੇਰੇ ਖੂਹ ਵਿਚੋਂ ਕੱਢ ਲਵੋ। ਜਿਹੜਾ ਮਨੁੱਖ ਗੁਰੂ ਦੇ ਸ਼ਬਦ ਦੀ ਬਰਕਤ ਨਾਲ ਆਪਣੇ ਅੰਦਰੋਂ ਮੋਹ ਅਤੇ ਅਹੰਕਾਰ ਸਾੜ/ਖਤਮ ਕਰ ਦਿੰਦਾ ਹੈ, ਉਹ ਆਪਣੇ ਅੰਦਰ ਵਸਦੇ ਪਰਮਾਤਮਾ ਦਾ ਟਿਕਾਣਾ ਪਛਾਣ ਲੈਂਦਾ ਹੈ। ਸੋ ਸਾਰੀ ਵਿਚਾਰ ਦਾ ਤੱਤ-ਸਾਰ ਇਹ ਹੈ ਕਿ ਸਾਨੂੰ ਲਗਾਤਾਰ ਸਿਮਰਨ ਕਰਦੇ ਹੋਏ ਗੁਰੂ ਜੀ ਦੀ ਸਿੱਖਿਆ ਅਨੁਸਾਰ ਜੀਵਨ ਬਿਤਾਉਣਾ ਚਾਹੀਦਾ ਹੈ ਤਾਂ ਜੋ ਸਾਡਾ ਇਸ ਮੋਹ ਰੂਪੀ ਮਾਇਆ ਜਾਲ ਤੋਂ ਬਚਾਅ ਹੋ ਸਕੇ ਅਤੇ ਅਸੀਂ ਪਰਮਾਤਮਾ ਨੂੰ ਮਿਲਣ ਦੀ ਆਪਣੀ ਬਾਰੀ ਨੂੰ ਸੰਭਾਲ ਕੇ ਜਨਮ ਮਰਨ ਦੇ ਚੱਕਰ ਵਿੱਚੋਂ ਨਿਕਲ ਸਕੀਏ। ਅਜਿਹਾ ਕਰ ਸਕਣ ਲਈ ਸਾਨੂੰ ਤਹਿ-ਦਿਲੋਂ ਗੁਰੂ ਜੀ ਨੂੰ ਬੇਨਤੀਆਂ ਕਰਦੇ ਰਹਿਣਾ ਚਾਹੀਦਾ ਹੈ, ਕਿਉਂਕਿ ਪ੍ਰਮਾਤਮਾ ਦਾ ਮਿਲਾਪ ਵੀ ਤਾਂ ਗੁਰੂ ਕ੍ਰਿਪਾ ਨਾਲ ਹੀ ਹੋਣਾ ਹੈ।

-o-o-o-

# ਅਕਾਲ ਪੁਰਖ

-ਸ.ਸੁਖਬੰਸ ਸਿੰਘ, ਚੰਡੀਗੜ੍ਹ

ਭਾਈ ਕਾਨ੍ਹ ਸਿੰਘ ਨਾਭਾ ਦੇ ਮਹਾਨ ਕੋਸ਼ ਅਨੁਸਾਰ ਅਕਾਲ ਸ਼ਬਦ ਦਾ ਅਰਥ ਹੈ ਜੋ ਅਵਿਨਾਸ਼ੀ ਹੈ, ਜਿਸ ਤੇ ਕਾਲ (ਸਮੇਂ) ਦਾ ਕੋਈ ਅਸਰ ਨਹੀਂ ਹੁੰਦਾ ਅਤੇ ਪੁਰਖ ਤੋਂ ਭਾਵ ਹੈ ਪੂਰਣ ਰੂਪ ਕਰਤਾਰ, ਸਰਬ ਵਿਆਪੀ ਪਾਰਬ੍ਰਹਮ। ਇਸ ਪ੍ਰਕਾਰ ਅਕਾਲ ਪੁਰਖ ਸਰਬ ਵਿਆਪਕ ਅਤੇ ਕਾਲ ਰਹਿਤ ਹੈ :

ੴ ਸਤਿਨਾਮੁ ਕਰਤਾ ਪੁਰਖੁ ਨਿਰਭਉ ਨਿਰਵੈਰੁ
ਅਕਾਲ ਮੂਰਤਿ ਅਜੂਨੀ ਸੈਭੰ ਗੁਰ ਪ੍ਰਸਾਦਿ ॥

ਸ੍ਰੀ ਗੁਰੂ ਨਾਨਕ ਦੇਵ ਜੀ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਅਰੰਭ ਵਿੱਚ ਮੂਲ ਮੰਤਰ ਉਚਾਰਨ ਕੀਤਾ ਹੈ, ਇਸ ਵਿੱਚ ਅਕਾਲ ਪੁਰਖ ਦੀ ਵਿਆਖਿਆ ਕੀਤੀ ਹੈ। ਅਕਾਲ ਪੁਰਖ ਇੱਕ ਹੈ ਜਿਸ ਦਾ ਹੀ ਅਗੋਂ ਸਾਰਾ ਪਸਾਰਾ ਹੈ। ਜਿਸ ਦਾ ਨਾਮ ਸਦੀਵੀ ਹੋਂਦ ਵਾਲਾ ਹੈ, ਜੋ ਸ੍ਰਿਸ਼ਟੀ ਦਾ ਰਚਨਹਾਰ ਹੈ, ਜੋ ਸਭ ਵਿੱਚ ਵਿਆਪਕ ਹੈ, ਭੈ ਤੋਂ ਰਹਿਤ ਹੈ, ਵੈਰ ਰਹਿਤ ਹੈ, ਜਿਸ ਦਾ ਸਰੂਪ ਕਾਲ ਤੋਂ ਪਰੇ ਹੈ, ਜੋ ਜੂਨਾਂ ਵਿੱਚ ਨਹੀਂ ਆਉਂਦਾ, ਜਿਸ ਦਾ ਪ੍ਰਕਾਸ਼ ਆਪਣੇ ਆਪ ਤੋਂ ਹੋਇਆ ਹੈ ਅਤੇ ਜੋ ਸਤਿਗੁਰੂ ਦੀ ਕ੍ਰਿਪਾ ਨਾਲ ਮਿਲਦਾ ਹੈ। ਇਸ ਤੋਂ ਅੱਗੇ ਗੁਰੂ ਨਾਨਕ ਦੇਵ ਜੀ ਇਸ ਸਲੋਕ :

ਆਦਿ ਸਚੁ ਜੁਗਾਦਿ ਸਚੁ ॥ ਹੈ ਭੀ ਸਚੁ ਨਾਨਕ ਹੋਸੀ ਭੀ ਸਚੁ ॥੧॥ (ਅੰਗ-੧)

ਰਾਹੀਂ ਸਮਝਾਉਂਦੇ ਹਨ ਕਿ ਅਕਾਲ ਪੁਰਖ ਸ੍ਰਿਸ਼ਟੀ ਤੋਂ ਪਹਿਲਾਂ ਵੀ ਸੁਤੇ-ਪ੍ਰਕਾਸ਼ (ਆਪਣੇ ਆਪ ਤੋਂ ਪ੍ਰਗਟ) ਸੀ। ਉਹ ਸਾਰੇ ਜੁਗਾਂ ਅਰਥਾਤ ਪਿਛਲੇ ਸਾਰੇ ਸਮਿਆਂ ਵਿੱਚ ਵੀ ਪ੍ਰਕਾਸ਼ਮਾਨ ਰਿਹਾ, ਹੁਣ ਵੀ ਪ੍ਰਕਾਸ਼ਮਾਨ ਹੈ ਅਤੇ ਆਉਂਣ ਵਾਲੇ ਸਮਿਆਂ ਵਿੱਚ ਵੀ ਪ੍ਰਕਾਸ਼ਮਾਨ ਰਹੇਗਾ।

ਅਕਾਲ ਪੁਰਖ ਦਾ ਵਾਸਾ ਸੱਚ ਖੰਡ ਹੈ। 'ਸਚ ਖੰਡਿ ਵਸੈ ਨਿਰੰਕਾਰੁ ॥', ਉਥੇ ਸਤਿ ਹੀ ਸਤਿ ਹੈ ਅਤੇ ਹੋਰ ਕੁੱਝ ਵੀ ਨਹੀਂ ਹੈ। ਇਹ ਸੱਚਖੰਡ ਮਨੁੱਖ ਦੇ ਸਰੀਰ ਵਿੱਚ ਹੀ ਹੈ, ਜਿਥੇ ਸੁਰਤ ਸ਼ਬਦ-ਗੁਰੂ ਵਿੱਚ ਲੀਨ ਹੋ ਕੇ ਪਹੁੰਚਦੀ ਹੈ।

ਚੱਕ੍ਰ ਚਿਹਨ ਅਰੁ ਬਰਨ ਜਾਤਿ ਅਰੁ ਪਾਤਿ ਨਹਿਨ ਜਿਹ ।
ਰੂਪ ਰੰਗ ਅਰੁ ਰੇਖ ਭੇਖ ਕੋਊ ਕਹਿ ਨ ਸਕਤ ਕਿਹ ।
ਅਚਲ ਮੂਰਤਿ ਅਨਭਉ ਪ੍ਰਕਾਸ ਅਮਿਤੋਜਿ ਕਹਿੱਜੈ।
ਕੋਇ ਇੰਦ੍ਰ ਇੰਦ੍ਰਾਣ ਸਾਹੁ ਸਾਹਾਣਿ ਗਣਿਜੈ।

ਤ੍ਰਿਭਵਣ ਮਹੀਪ ਸੁਰ ਨਰ ਅਸਰੁ ਨੇਤਿ ਨੇਤਿ ਬਨ ਤ੍ਰਿਣ ਕਹਤ।
ਤਵ ਸਰਬ ਨਾਮ ਕਥੈ ਕਵਨ ਕਰਮ ਨਾਮ ਬਰਨਤ ਸੁਮਤਿ ।੧।

ਦੱਸਵੀਂ ਪਾਤਸ਼ਾਹੀ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਉਪਰੋਕਤ ਸ਼ਬਦ ਦਾ ਉਚਾਰਨ ਆਪਣੀ ਬਾਣੀ ਜਾਪੁ ਸਾਹਿਬ ਦੇ ਆਰੰਭ ਵਿੱਚ ਕੀਤਾ ਹੈ। ਗੁਰੂ ਸਾਹਿਬ ਫੁਰਮਾਉਂਦੇ ਹਨ ਕਿ ਹੇ ਪ੍ਰਭੂ ! ਤੂੰ ਐਸਾ ਹੈ ਕਿ ਜਿਸ ਦੇ ਨਾ ਤਾਂ ਕੋਈ ਲੱਛਣ ਦਿਸਦੇ ਹਨ, ਨਾ ਕੋਈ ਰੰਗ ਹੈ, ਨਾ ਜਾਤ ਹੈ ਅਤੇ ਨਾ ਕੋਈ ਕੁਲ ਹੈ। ਕੋਈ ਮਨੁੱਖ ਨਹੀਂ ਕਹਿ ਸਕਦਾ ਕਿ ਤੇਰਾ ਕਿਹੋ ਜਿਹਾ ਰੂਪ ਹੈ, ਕੈਸਾ ਤੇਰਾ ਰੰਗ ਹੈ, ਕਿਹੋ ਜਿਹੇ ਤੇਰੇ ਰੇਖ ਹਨ ਅਤੇ ਤੇਰੇ ਬਲ ਦਾ ਵੀ ਅੰਦਾਜ਼ਾ ਨਹੀਂ ਲਗਾਇਆ ਜਾ ਸਕਦਾ। ਹੇ ਅਕਾਲ ਪੁਰਖ ! ਤੂੰ ਕਰੋੜਾਂ ਰਾਜਿਆਂ ਦਾ ਰਾਜਾ ਹੈ ਅਤੇ ਇੰਦ੍ਰਾਂ ਦਾ ਇੰਦ੍ਰ ਗਿਣਿਆ ਜਾਂਦਾ ਹੈਂ। ਤੂੰ ਤਿੰਨਾਂ ਭਵਨਾਂ ਦਾ ਮਾਲਕ ਹੈ। ਦੇਵਤੇ, ਮਨੁੱਖ, ਦੈਂਤ, ਜੀਵ-ਜੰਤ ਤਾਂ ਕਿਤੇ ਰਹੇ ਸਗੋਂ ਸਾਰੀ ਬਨਸਪਤੀ ਵੀ ਸਭ ਇਹ ਹੀ ਆਖਦੇ ਹਨ ਕਿ ਸੰਸਾਰ ਵਿੱਚ ਕੋਈ ਵੀ ਤੇਰੇ ਵਰਗਾ ਨਹੀਂ ਹੈ। ਹੇ ਪ੍ਰਭੂ ! ਕੋਈ ਬੰਦਾ ਵੀ ਤੇਰਾ ਕੋਈ ਐਸਾ ਨਾਮ ਨਹੀਂ ਦੱਸ ਸਕਦਾ ਜੋ ਤੇਰੀ ਮੁਕੰਮਲ ਹਸਤੀ ਨੂੰ ਬਿਆਨ ਕਰ ਸਕੇ। ਸਿਆਣੇ ਬੰਦਿਆਂ ਨੇ ਤੇਰੇ ਉਹ ਹੀ ਨਾਮ ਦੱਸੇ ਹਨ ਜੋ ਉਨ੍ਹਾਂ ਨੇ ਤੇਰੇ ਕਿਸੇ ਇੱਕ ਕੰਮ ਨੂੰ ਵੇਖ ਕੇ ਬਿਆਨੇ ਹਨ।

ਗੁਰੂ ਅਰਜਨ ਦੇਵ ਜੀ ਆਪਣੀ ਬਾਣੀ ਸੁਖਮਨੀ ਸਾਹਿਬ ਵਿੱਚ ਕਥਨ ਕਰਦੇ ਹਨ :

ਸਰਗੁਨ ਨਿਰਗੁਨ ਨਿਰੰਕਾਰ ਸੁੰਨ ਸਮਾਧੀ ਆਪਿ ॥
ਆਪਨ ਕੀਆ ਨਾਨਕਾ ਆਪੇ ਹੀ ਫਿਰਿ ਜਾਪਿ ॥੧॥ (ਅੰਗ-੨੯੦)

ਅਕਾਲ ਪੁਰਖ ਅਕਾਰ-ਰਹਿਤ ਅਦ੍ਰਿਸ਼ਟਮਾਨ ਹੈ। ਉਹ ਅਫੁਰ ਸੁੰਨ ਅਵਸਥਾ ਵਿੱਚ ਸਾਰੇ ਸੰਸਾਰ ਦੇ ਜੱਰੇ-ਜੱਰੇ ਅੰਦਰ ਇਕ ਰਸ ਵਿਆਪਕ ਹੈ। ਸਾਰਾ ਸੰਸਾਰ ਉਸ ਦਾ ਸਰਗੁਣ (ਦ੍ਰਿਸ਼ਟਮਾਨ) ਸਰੂਪ ਹੈ ਅਤੇ ਪਰ ਉਹ ਆਪ ਨਿਰਗੁਣ ਹੈ ਭਾਵ ਮਾਇਆ ਦੇ ਗੁਣਾਂ ਤੋਂ ਨਿਰਲੇਪ ਹੈ। ਅਕਾਲ ਪੁਰਖ ਨੇ ਸਾਰੇ ਸੰਸਾਰ ਦੀ ਰਚਨਾ ਕੀਤੀ ਹੈ ਅਤੇ ਉਹ ਆਪ ਹੀ ਉਸ ਦਾ ਧਿਆਨ ਕਰ ਰਿਹਾ ਹੈ।

ਗੁਰੂ ਅਰਜਨ ਦੇਵ ਜੀ ਇਕ ਹੋਰ ਸ਼ਬਦ ਵਿੱਚ ਫੁਰਮਾਨ ਕਰਦੇ ਹਨ :

ਅੰਤਰਜਾਮੀ ਪੁਰਖ ਬਿਧਾਤੇ ਸਰਧਾ ਮਨ ਕੀ ਪੂਰੇ ॥ (ਅੰਗ-੧੩)

ਅਕਾਲ ਪੁਰਖ ਘਟ-ਘਟ ਦਾ ਜਾਨਣਹਾਰ ਹੈ ਜੋ ਉਸ ਨੂੰ ਸ਼ਰਧਾ ਨਾਲ ਧਿਆਉਂਦਾ ਹੈ, ਉਸ ਨੂੰ ਉਹ ਆਪਨੇ ਵਿੱਚ ਲੀਨ ਕਰ ਲੈਂਦਾ ਹੈ। ਗੁਰੂ ਨਾਨਕ ਦੇਵ ਜੀ ਦਾ ਸ਼ਬਦ ਹੈ :

ਆਖਹਿ ਮੰਗਹਿ ਦੇਹਿ ਦੇਹਿ ਦਾਤਿ ਕਰੇ ਦਾਤਾਰੁ ॥ (ਅੰਗ-੨)

ਕਿ ਅਕਾਲ ਪੁਰਖ ਸਾਰਿਆਂ ਦਾ ਦਾਤਾ ਹੈ ਤੇ ਸਾਰੀ ਸ੍ਰਿਸ਼ਟੀ ਨੂੰ ਰਿਜਕ ਦੇਣ ਵਾਲਾ ਹੈ।

ਭਗਤ ਰਵਿਦਾਸ ਜੀ ਦੀ ਪਾਵਨ ਬਾਣੀ ਵਿੱਚ :

ਬੇਗਮ ਪੁਰਾ ਸਹਰ ਕੋ ਨਾਉ ॥ ਦੂਖੁ ਅੰਦੋਹੁ ਨਹੀ ਤਿਹਿ ਠਾਉ ॥
ਨਾਂ ਤਸਵੀਸ ਖਿਰਾਜੁ ਨ ਮਾਲੁ ॥ ਖਉਫੁ ਨ ਖਤਾ ਨ ਤਰਸੁ ਜਵਾਲੁ ॥ (ਅੰਗ-੩੪੫)

ਅਕਾਲ ਪੁਰਖ ਦੇ ਵਾਸੇ ਨੂੰ ਬੇਗਮਪੁਰਾ ਸ਼ਹਿਰ ਕਹਿੰਦੇ ਹਨ। ਉਹ ਸ਼ਹਿਰ ਅਥਵਾ ਅਵਸਥਾ ਸਰੀਰ ਦੇ ਵਿੱਚ ਹੀ ਹੈ, ਜਿਥੇ ਕੋਈ ਗਮ ਨਹੀਂ ਹੈ। ਇਥੇ ਇਨਸਾਨ ਦੀ ਸੁਰਤ ਸ਼ਬਦ-ਗੁਰੂ ਵਿੱਚ ਲੀਨ ਹੋ ਕੇ ਪਹੁੰਚਦੀ ਹੈ। ਇਸ ਅਵਸਥਾ ਵਿੱਚ ਕੋਈ ਦੁੱਖ, ਅੰਦੇਸ਼ਾ, ਚਿੰਤਾ, ਫ਼ਿਕਰ ਨਹੀਂ ਅਤੇ ਨਾ ਹੀ ਕੋਈ ਪ੍ਰੇਸ਼ਾਨੀ ਹੈ। ਅਕਾਲ ਪੁਰਖ ਦੇ ਘਰ ਸਦਾ ਆਨੰਦ ਹੀ ਆਨੰਦ ਬਣਿਆ ਰਹਿੰਦਾ ਹੈ।

ਭਾਈ ਗੁਰਦਾਸ ਜੀ ਆਪਣੀ ਵਾਰ ਅੱਠਵੀ ਦੀ ਪਹਿਲੀ ਪਉੜੀ ਰਾਹੀ ੴ ਦਾ ਵਰਨਣ ਕਰਦੇ ਹਨ ਕਿ ਅਕਾਲ ਪੁਰਖ ਆਪਣੀ ਮਿਤ ਨੂੰ ਆਪ ਹੀ ਜਾਣਦਾ ਹੈ।

ਇਕੁ ਕਵਾਉ ਪਸਾਉ ਕਰਿ ਕੁਦਰਤਿ ਅੰਦਰਿ ਕੀਆ ਪਾਸਾਰਾ ।
ਪੰਜਿ ਤਤ ਪਰਵਾਣੁ ਕਰਿ ਚਹੁੰ ਖਾਣੀ ਵਿਚਿ ਸਭ ਵਰਤਾਰਾ।
ਕੇਵਡੁ ਧਰਤੀ ਆਖੀਐ ਕੇਵਡੁ ਤੋਲੁ ਅਗਾਸ ਅਕਾਰਾ।
ਕੇਵਡੁ ਪਵਣੁ ਵਖਾਣੀਐ ਕੇਵਡੁ ਪਾਣੀ ਤੋਲੁ ਵਿਥਾਰਾ।
ਕੇਵਡੁ ਅਗਨੀ ਭਾਰੁ ਹੈ ਤੁਲਿ ਨ ਤੁਲੁ ਅਤੋਲੁ ਭੰਡਾਰਾ।
ਕੇਵਡੁ ਆਖਾ ਸਿਰਜਣਹਾਰਾ ।੧।

ਵਾਹਿਗੁਰੂ ਨੇ ਇੱਕ ਵਾਕ ਨਾਲ ਪਸਾਰਾ ਕਰਕੇ ਕੁਦਰਤ ਸਾਜੀ ਫੇਰ ਉਸ ਕੁਦਰਤ ਵਿੱਚ ਸਾਰਾ ਪਸਾਰਾ ਕਰਕੇ ਉਸ ਵਿੱਚ ਆਪਣਾ ਵਾਸਾ ਕੀਤਾ ਹੈ। ਭਾਵ ਪਹਿਲੇ ਵਾਕ ਨਾਲ ਸੂਖਮ ਅਕਾਰਤਾ ਰਚੀ ਗਈ, ਜਿਸ ਵਿਚੋਂ ਏਹ ਸਾਰਾ ਸਥੂਲ ਪਸਾਰਾ ਪਸਰਿਆ। ਆਪ ਪਵਨ, ਪਾਣੀ, ਅਗਨੀ, ਪਾਤਾਲ, ਅਕਾਸ਼ ਇਨ੍ਹਾਂ ਪੰਜਾਂ ਤੱਤਾਂ ਦੀ ਰਚਨਾ ਕਰਕੇ ਚਾਰ ਖਾਣੀਆਂ ਅੰਡਜ਼, ਜੇਰਜ਼, ਸੇਤਜ਼, ਉਤਭੁਜ਼ ਵਿੱਚ ਸਾਰਾ ਵਰਤਾਰਾ ਪ੍ਰਚਲਿਤ ਕਰ ਦਿੱਤਾ । ਅਸੀਂ ਧਰਤੀ ਨੂੰ ਕਿੰਨੀ ਕੁ ਵੱਡੀ ਆਖੀਏ, ਤੇ ਆਕਾਸ਼ ਦਾ ਤੋਲ ਅਰ ਅਕਾਰ ਸਰੂਪ ਕਿੱਡਾ ਕੁ ਦੱਸੀਏ ? ਪਵਣੁ ਨੂੰ ਕਿਦਾਂ ਵਿਖਿਆਨ ਕਰੀਏ ਅਤੇ ਪਾਣੀ ਦੇ ਵਿਸਤਾਰ ਨੂੰ ਤੋਲਕੇ ਕਿੰਨਾ ਕੁ ਵਜ਼ਨ ਆਖੀਏ ?, ਇਸੇ ਤਰ੍ਹਾਂ ਅਗਨੀ ਦੀ ਮਿਣਤੀ ਕੀ ਦੱਸੀਏ? ਅਰਥਾਤ ਅਸੀਂ ਕੁਝ ਵੀ ਸ਼ਬਦਾਂ ਵਿੱਚ ਬਿਆਨ ਨਹੀਂ ਕਰ ਸਕਦੇ। ਆਪ ਅਗੇ ਫਰਮਾਉਂਦੇ ਹਨ ਕਿ

ਹੇ ਦਾਤੇ ਤੇਰੇ ਦਿੱਤੇ ਭੰਡਾਰ ਅਤੋਲ ਹਨ ਅਰਥਾਤ ਤੋਲੇ ਨਹੀਂ ਜਾਂਦੇ ਹਨ। ਸੋ ਹੇ ਅਕਾਲ ਪੁਰਖ ਸਿਰਜਨਹਾਰ ਮੈਂ ਤੇਰੇ ਗੁਣਾਂ ਨੂੰ ਕਿਵੇਂ ਬਿਆਨ ਕਰਾਂ।

ਉਪਰੋਕਤ ਲੇਖ ਦਾ ਸਾਰ ਹੈ ਕਿ ਜਗਿਆਸੂ ਨੂੰ ਗੁਰੂ ਧਾਰਨ ਕਰਕੇ, ਗੁਰ ਮੰਤਰ ਦੀ ਕਮਾਈ ਕਰਨੀ ਚਾਹੀਦੀ ਹੈ ਜਿਸ ਨਾਲ ਹੀ ਉਸ ਨੂੰ ਅਕਾਲ ਪੁਰਖ ਦੀ ਸੋਝੀ ਹੋ ਸਕਦੀ ਹੈ। ਜਿਉਂ-ਜਿਉਂ ਗੁਰੂ ਮੰਤਰ ਤੇ ਮੂਲ ਮੰਤਰ ਦਾ ਅਭਿਆਸ ਹੋਵੇਗਾ ਜਗਿਆਸੂ ਨੂੰ ਅਕਾਲ ਪੁਰਖ ਦੇ ਨਾਮ ਦਾ ਰਸ ਆਵੇਗਾ। ਇਸ ਤਰ੍ਹਾਂ ਨਾਲ ਜਗਿਆਸੂ ਜਿਸ ਮਨੋਰਥ ਵਾਸਤੇ ਜੱਗ ਉੱਤੇ ਆਇਆ ਹੈ ਉਹ ਸਫਲ ਹੋ ਜਾਵੇਗਾ। ਸ੍ਰੀ ਗੁਰੂ ਅਰਜਨ ਦੇਵ ਜੀ ਇਸ ਸੰਬੰਧੀ ਸਮਝਾਉਂਦੇ ਹਨ ਕਿ ਸਾਨੂੰ ਮਨੁੱਖਾ ਜਨਮ ਅਕਾਲ ਪੁਰਖ ਦੀ ਪ੍ਰਾਪਤੀ ਲਈ ਹੀ ਮਿਲਿਆ ਹੈ:

ਭਈ ਪਰਾਪਤਿ ਮਾਨੁਖ ਦੇਹੁਰੀਆ ॥
ਗੋਬਿੰਦ ਮਿਲਣ ਕੀ ਇਹ ਤੇਰੀ ਬਰੀਆ ॥ (ਅੰਗ-੧੨)

ਦਸਮੇਸ਼ ਪਿਤਾ ਜੀ ਨੇ ਅਕਾਲ ਪੁਰਖ ਨੂੰ ਆਪਣਾ ਗੁਰੂ ਮੰਨਦੇ ਹੋਏ ਸਾਨੂੰ ਸਿੱਖਿਆ ਦਿੱਤੀ ਹੈ ਕਿ ਕੇਵਲ ਇੱਕ ਅਕਾਲ ਪੁਰਖ ਦਾ ਹੀ ਸਿਮਰਨ ਕਰਨਾ ਹੈ ਅਤੇ ਹੋਰ ਕਿਸੇ ਦੇਵੀ-ਦੇਵਤਿਆਂ, ਮਾੜੀ-ਮਸਾਣਾਂ/ਕਬਰਾਂ ਦੀ ਪੂਜਾ ਨਹੀਂ ਕਰਨੀ।

ਆਦਿ ਅੰਤਿ ਏਕੈ ਅਵਤਾਰਾ ॥ ਸੋਈ ਗੁਰੂ ਸਮਝਿਯਹੁ ਹਮਾਰਾ ॥ (ਚੌਪਈ ਸਾਹਿਬ)

-o-o-o-


ਸੰਸਥਾ 'ਗੁਰਬਾਣੀ ਇਸੁ ਜਗ ਮਹਿ ਚਾਨਣੁ'

ਭਵਨ ਨੰ.6, ਫੇਜ 3-ਏ, ਐਸ.ਏ.ਐਸ.ਨਗਰ (ਮੋਹਾਲੀ) ਵਿਖੇ,

**ਮਹੀਨਾ ਵਾਰੀ ਗੁਰਮਤਿ ਸਮਾਗਮ**

**ਦੂਜਾ ਸਨੀਵਾਰ 14 ਅਕਤੂਬਰ 2023 ਨੂੰ**

10.00 ਤੋਂ 01.00 ਵਜੇ ਦੁਪਹਿਰ ਤਕ

ਸ਼ਬਦ-ਕੀਰਤਨ ਅਤੇ ਸ਼ਬਦ-ਵੀਚਾਰ ਹੋਵੇਗੀ।

ਸਤਿਸੰਗ ਵਿੱਚ ਦਰਸ਼ਨ ਦੇ ਕੇ ਲਾਭ ਉਠਾਓ ਜੀ।

ਗੁਰੂ ਕਾ ਲੰਗਰ ਅਤੁੱਟ ਵਰਤੇਗਾ।

# ਸੰਤ ਸਿਪਾਹੀ ਬਾਬਾ ਬੀਰ ਸਿੰਘ ਜੀ ਨੌਰੰਗਾਬਾਦੀ

-ਡਾ.ਗੁਰਬਚਨ ਸਿੰਘ, ਮੋ : 98781-49511

ਪੰਥ ਸੇਵਕ ਬਾਬਾ ਬੀਰ ਸਿੰਘ ਜੀ ਦਾ ਜਨਮ ੯ ਜੁਲਾਈ ੧੭੬੮ ਈ. ਨੂੰ ਭਾਈ ਸੇਵਾ ਸਿੰਘ ਦੇ ਗ੍ਰਹਿ ਮਾਤਾ ਧਰਮ ਕੌਰ ਦੀ ਕੁਖੋਂ ਪਿੰਡ ਗੱਗੋਬੂਆ ਜ਼ਿਲ੍ਹਾ ਤਰਨਤਾਰਨ ਸਾਹਿਬ ਵਿੱਚ ਹੋਇਆ। ਪਿੰਡ ਗੱਗੋਬੂਆ, ਅੰਮ੍ਰਿਤਸਰ ਭਿੱਖੀਵਿੰਡ ਸੜਕ ਤੇ ਤਰਨਤਾਰਨ ਸਾਹਿਬ ਤੋਂ ਲੱਗ-ਪੱਗ ੧੪ ਕਿ.ਮੀ. ਦੂਰ ਹੈ। ਇਸ ਪਿੰਡ ਵਿੱਚ ਮੀਰੀ-ਪੀਰੀ ਦੇ ਮਾਲਕ ਸਾਹਿਬ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਦੀ ਪਾਵਨ ਛੋਹ ਪ੍ਰਾਪਤ ਗੁਰ ਅਸਥਾਨ ਹੈ। ਜਦੋਂ ਗੁਰੂ ਸਾਹਿਬ ਜੀ ਇੱਥੇ ਪੁੱਜੇ ਤਾਂ ਨਗਰ ਨਿਵਾਸੀਆਂ ਨੇ ਬਹੁਤ ਸੇਵਾ ਕੀਤੀ।ਪਾਤਸ਼ਾਹ ਨੇ ਪ੍ਰਸੰਨ ਹੋ ਕੇ ਵਰ ਦਿੱਤਾ ਕਿ ਤੁਹਾਡੇ ਪਿੰਡ ਵਿੱਚ ਇੱਕ ਮਹਾਨ ਗੁਰਸਿੱਖ ਪੈਦਾ ਹੋਵੇਗਾ।

ਬਾਬਾ ਬੀਰ ਸਿੰਘ ਜੀ ਨੇ ਛੇ ਸਾਲ ਦੀ ਉਮਰ ਵਿੱਚ ਹੀ ਅੰਮ੍ਰਿਤਪਾਨ ਕਰ ਲਿਆ ਕਿਉਂਕਿ ਗੁਰਮਤਿ ਦੀ ਗੁੜ੍ਹਤੀ ਤਾਂ ਆਪ ਜੀ ਨੂੰ ਜਨਮ ਤੋਂ ਹੀ ਮਾਤਾ ਪਿਤਾ ਤੋਂ ਮਿਲੀ ਹੋਈ ਸੀ। ਆਪ ਗੁਰਦੁਆਰਾ ਛੇਵੀਂ ਪਾਤਸ਼ਾਹੀ ਜਾ ਕੇ ਸੇਵਾ ਕਰਦੇ ਰਹਿੰਦੇ ਸਨ। ਬਾਬਾ ਜੀ ਦੇ ਪਿਤਾ ਸ.ਸੇਵਾ ਸਿੰਘ ਲਾਹੌਰ ਦਰਬਾਰ ਦੀ ਫੌਜ ਵਿੱਚ ਭਰਤੀ ਸਨ ਜੋ ਕਿ ਮੁਲਤਾਨ ਦੀ ਲੜ੍ਹਾਈ ਵਿੱਚ ਸ਼ਹੀਦ ਹੋ ਗਏ। ਪਿਤਾ ਜੀ ਦੇ ਦੇਹਾਂਤ ਤੋਂ ਬਾਅਦ ਆਪ ਵੀ ਫੌਜ ਵਿੱਚ ਭਰਤੀ ਹੋ ਗਏ। ਥੋੜੇ ਅਰਸੇ ਵਿੱਚ ਹੀ ਸ.ਸ਼ਾਮ ਸਿੰਘ ਅਟਾਰੀ ਨੇ ਬੀਰ ਸਿੰਘ ਦੀਆਂ ਧਾਰਮਿਕ ਰੁਚੀਆਂ, ਸਾਥੀਆਂ ਨਾਲ ਮੇਲ ਮਿਲਾਪ, ਨੌਕਰੀ ਪ੍ਰਤੀ ਦ੍ਰਿੜ ਲਗਨ ਦੇਖਕੇ ਇਨ੍ਹਾਂ ਦੀ ਪਹਿਰੇ ਦੀ ਡਿਊਟੀ ਖਤਮ ਕਰ ਦਿੱਤੀ ਅਤੇ ਸਵਾਰੀ ਲਈ ਘੋੜਾ ਦਿੱਤਾ ਤਾਂ ਜੋ ਆਪ ਘੋੜ ਸੁਆਰੀ (ਨੇਜਾ ਬਾਜੀ) ਅਤੇ ਸ਼ਸਤਰ ਕਲਾ ਵਿੱਚ ਨਿਪੁੰਨ ਹੋ ਜਾਣ।

ਆਪ ਫੌਜ ਵਿੱਚ ਭਰਤੀ ਹੋਣ ਤੋਂ ਤਿੰਨ ਸਾਲ ਪਿਛੋਂ ਛੁੱਟੀ ਆਏ ਹੋਏ ਸਨ ਕਿ ਪਿੰਡ ਵਿੱਚ ਡਾਕੂਆਂ ਨਾਲ ਮੁਕਾਬਲਾ ਹੋ ਗਿਆ। ਆਪ ਨੇ ਇੱਕ ਡਾਕੂ ਦਾ ਸਿਰ ਕਲਮ ਕਰ ਦਿੱਤਾ। ਉਸ ਦੇ ਸਾਥੀ ਨੇ ਬਾਬਾ ਜੀ ਦੀ ਛਾਤੀ ਵਿੱਚ ਬਰਛੀ ਦਾ ਵਾਰ ਕੀਤਾ ਪਰ ਆਪ ਨੇ ਉਸੇ ਬਰਛੀ ਨਾਲ ਪਲਟਵਾਂ ਵਾਰ ਕਰਕੇ ਦੂਜੇ ਡਾਕੂ ਨੂੰ ਵੀ ਪਰੋਅ ਸੁੱਟਿਆ। ਹੋਰ ਡਾਕੂ ਇਹ ਵੇਖ ਕੇ ਭੱਜ ਗਏ। ਬਾਬਾ ਜੀ ਦੀ ਬਹਾਦਰੀ ਦੀ ਬਹੁਤ ਚਰਚਾ ਹੋਈ ਅਤੇ ਮਹਾਰਾਜਾ ਰਣਜੀਤ ਸਿਘ ਨੇ ਵੀ ਆਪ ਨੂੰ ਸਨਮਾਨਿਤ ਕੀਤਾ। ਫੌਜ ਵਿੱਚ ਹੁੰਦੇ ਹੋਏ ਆਪ ਨੇ ਕਸ਼ਮੀਰ ਅਤੇ ਪਿਸ਼ਾਵਰ ਦੀਆਂ ਲੜਾਈਆਂ ਵਿੱਚ ਸੂਰਬੀਰਤਾ ਦਿਖਾਈ। ਅਫ਼ਗਾਨਾਂ ਨਾਲ ਯੁੱਧ ਕਰਦਿਆਂ ਆਪ ਵੈਰੀ ਦਲ ਦੇ ਵਿਚਕਾਰ ਪਹੁੰਚੇ ਗਏ। ਇਸ ਦੌਰਾਨ ਹੀ ਆਪ ਦਾ ਖੰਡਾ ਟੁੱਟ ਗਿਆ ਪਰ ਆਪ ਵੈਰੀਆਂ ਨਾਲ ਲੋਹਾ ਲੈਂਦਿਆਂ ਬਚ ਕੇ ਨਿਕਲ ਆਏ। ਖੰਡਾ ਟੁੱਟਣ ਨੂੰ ਈਸ਼ਵਰੀ ਸੰਕੇਤ ਸਮਝ ਕੇ ਫੌਜ ਦੀ ਨੌਕਰੀ ਤੋਂ ਵੱਖ ਹੋ ਗਏ ਅਤੇ ਨਾਮ ਸਿਮਰਨ ਵਿੱਚ ਲੱਗ ਗਏ।

ਭਾਈ ਚੰਦਾ ਸਿੰਘ ਜੀ ਮਹਾਰਾਜਾ ਰਣਜੀਤ ਸਿੰਘ ਦੀ ਫੌਜ ਵਿੱਚ ਰਸਾਲਦਾਰ ਸਨ। ਇਹ ਬਹੁਤ ਵੱਡੇ ਜਗੀਰਦਾਰ ਸਨ ਅਤੇ ਪਿੰਡ ਨੌਰੰਗਾਬਾਦ ਵਿੱਚ ਇਨ੍ਹਾਂ ਦੀ ਜਗੀਰ ਸੀ। ਭਾਈ ਚੰਦਾ ਸਿੰਘ ਦੀ ਬਾਬਾ ਬੀਰ ਸਿੰਘ ਨਾਲ ਆਤਮਿਕ ਸਾਂਝ ਸੀ। ਭਾਈ ਚੰਦਾ ਸਿੰਘ, ਸੰਤ ਭਾਗ ਸਿੰਘ ਕੁਰੀ ਵਾਲਿਆਂ ਅਤੇ ਬਾਬਾ ਸਾਹਿਬ ਸਿੰਘ ਬੇਦੀ ਦੇ ਸੇਵਕ ਸਨ। ਬਾਬਾ ਬੀਰ ਸਿੰਘ ਜੀ ਦੇ ਹਿਰਦੇ ਵੱਚ ਸੰਤ ਭਾਗ ਸਿੰਘ ਪ੍ਰਥਾਇ ਸ਼ਰਧਾ ਵੀ ਭਾਈ ਚੰਦਾ ਸਿੰਘ ਰਾਹੀਂ ਪੈਦਾ ਹੋਈ। ਫਿਰ ਭਾਈ ਚੰਦਾ ਸਿੰਘ ਨੇ ਬੀਰ ਸਿੰਘ ਨੂੰ ਲਿਜਾ ਕੇ ਸੰਤ ਭਾਗ ਸਿੰਘ ਦੇ ਦਰਸ਼ਨ ਕਰਾਏ। ਦੋਵਾਂ ਧਿਰਾਂ ਨੂੰ ਇੰਜ ਪ੍ਰਤੀਤ ਹੋਇਆ ਜਿਵੇਂ ਕਿ ਪੂਰਬ ਜਨਮ ਦੇ ਵਿਛੜੇ ਮਿੱਤਰਾਂ ਦਾ ਮੇਲ ਹੋਇਆ ਹੋਵੇ। ਭਾਈ ਬੀਰ ਸਿੰਘ ਨੇ ਆਪਣਾ ਤਨ ਮਨ ਧਨ ਸੰਤ ਭਾਗ ਸਿੰਘ ਜੀ ਨੂੰ ਸਉਂਪ ਕੇ ਅਥਾਹ ਸੇਵਾ ਕੀਤੀ ਜਿਵੇਂ ਕਿ ਲੰਗਰ ਵਾਸਤੇ ਲਕੜਾਂ ਲਿਆਉਣੀਆਂ, ਪਾਣੀ ਭਰਨਾ, ਲੰਗਰ ਤਿਆਰ ਕਰਨਾ ਅਤੇ ਸੰਗਤਾਂ ਨੂੰ ਛਕਾਉਂਣਾ। ਇਸ ਸੇਵਾ ਤੋਂ ਸੰਤ ਭਾਗ ਸਿੰਘ ਬਹੁਤ ਪ੍ਰਸੰਨ ਹੋਏ ਤੇ ਕਿਹਾ ਕਿ ਬੀਰ ਸਿੰਘ ਮੰਗੋ ਜੋ ਇੱਛਾ ਹੈ। ਬੀਰ ਸਿੰਘ ਨੇ ਹੱਥ ਜੋੜ ਕੇ ਕਿਹਾ ਜੇ ਤੁੱਠੇ ਹੋ ਤਾਂ ਪ੍ਰਮੇਸ਼ਰ ਦੀ ਬੰਦਗੀ ਦੀ ਦਾਤ ਬਖਸੋ। ਸੰਤ ਜੀ ਨੇ ਕਿਹਾ ਭਾਈ ਸਿੱਖਾ ਐਸਾ ਹੀ ਹੋਵੇਗਾ।

ਸੰਤ ਭਾਗ ਸਿੰਘ ਜੀ ਨੇ ਹੀ ਬੀਰ ਸਿੰਘ ਨੂੰ ਬਾਬਾ ਸਾਹਿਬ ਸਿੰਘ ਬੇਦੀ ਜੀ ਕੋਲ ਊਨੇ ਜਾਣ ਲਈ ਕਿਹਾ। ਬੀਰ ਸਿੰਘ ਊਨੇ ਜਾ ਕੇ ਬਾਬਾ ਸਾਹਿਬ ਸਿੰਘ ਜੀ ਦੇ ਦਰਬਾਰ ਦੇ ਦਰਸ਼ਨ ਕਰਕੇ ਗਦ ਗਦ ਹੋ ਗਏ। ਇਥੇ ਵੀ ਆਪ ਨੇ ਦਿਨ ਰਾਤ ਅਣਥੱਕ ਸੇਵਾ ਕੀਤੀ। ਬਾਬਾ ਸਾਹਿਬ ਸਿੰਘ ਜੀ ਵੀ ਬਹੁਤ ਪ੍ਰਸੰਨ ਹੋਏ ਅਤੇ ਕਿਹਾ ਕਿ ਸਿੱਖਾ ਤੇਰੀ ਸੇਵਾ ਥਾਂਇ ਪਈ ਹੈ ਤੁਸੀ ਜਾਓ ਜਾ ਕੇ ਗੁਰੂ ਕਾ ਲੰਗਰ ਚਲਾਓ। ਬਾਬਾ ਸਾਹਿਬ ਸਿੰਘ ਜੀ ਨੇ ਆਪਣੇ ਲੰਗਰ ਵਿਚੋਂ ਬਹੁਤ ਸਾਰੇ ਬਰਤਨ ਦੇ ਕੇ ਕਿਹਾ ਕਿ ਆਉਣ ਵਾਲੇ ਸਮੇਂ ਵਿੱਚ ਤੁਸੀਂ ਹੀ ਲੰਗਰ ਚਲਾਉਂਦੇ ਰਹੋਗੇ।

ਬਾਬਾ ਬੀਰ ਸਿੰਘ ਜੀ ਮਾਝੇ ਵਿੱਚ ਤਰਨਤਾਰਨ ਸਾਹਿਬ ਦੇ ਇਲਾਕੇ ਵਿੱਚ ਆ ਗਏ। ਕਈ ਪਿੰਡਾਂ ਵਿੱਚ ਘੁੰਮਦੇ ਰਹੇ। ਫਿਰ ਭਾਈ ਦਸੌਂਧਾ ਸਿੰਘ ਪਿੰਡ ਨੌਰੰਗਾਬਾਦ ਦੀ ਬੇਨਤੀ ਤੇ ਆਪ ਨੌਰੰਗਾਬਾਦ ਪਿੰਡ ਦੇ ਬਾਹਰ ਹੀ ਬੈਠ ਗਏ। ਇਹ ਪਿੰਡ ਤਰਨਤਾਰਨ ਗੋਇੰਦਵਾਲ ਸੜਕ ਤੇ ਤਰਨਤਾਰਨ ਤੋਂ ੭ ਕਿ.ਮੀ. ਦੂਰ ਹੈ। ਇਥੇ ਹੀ ਬਾਬਾ ਬੀਰ ਸਿੰਘ ਜੀ ਨੇ ਡੇਰੇ ਦੀ ਸਥਾਪਨਾ ਕੀਤੀ ਅਤੇ ਇਸ ਦਾ ਨਾਮ ਸੰਤ ਪੁਰਾ ਰੱਖਿਆ। ਇਸ ਪਿੰਡ ਦੇ ਨਾਮ ਤੋਂ ਹੀ ਆਪ ਨੂੰ ਬਾਬਾ ਬੀਰ ਸਿੰਘ ਨੌਰੰਗਾਬਾਦੀ ਕਿਹਾ ਜਾਣ ਲੱਗ ਪਿਆ। ਇਸ ਡੇਰੇ ਵਿੱਚ ਆਪ ਨੇ ਨਾਮ ਸਿਮਰਨ ਅਤੇ ਪ੍ਰਸਾਦ ਭੋਜਨ ਦਾ ਸਦਾ ਬ੍ਰਤ ਜਾਰੀ ਕੀਤਾ। ਹਰ ਰੋਜ਼ ਸੈਂਕੜੇ ਸ਼ਰਧਾਲੂ ਡੇਰੇ ਵਿੱਚ ਆਉਂਦੇ, ਗੁਰਬਾਣੀ ਵੀਚਾਰ ਸੁਣਦੇ ਅਤੇ ਲੰਗਰ ਛਕ ਕੇ ਤ੍ਰਿਪਤ ਹੁੰਦੇ ਸਨ।

ਇਸ ਡੇਰੇ ਵਾਲੀ ਥਾਂ ਤੇ ਇੱਕ ਪੁਰਾਤਨ ਖੂਹ ਸੀ। ਬਾਬਾ ਜੀ ਨੇ ਖੁਦਾਈ ਕਰਾਕੇ ਇਸ ਦੀ ਮੁਰੰਮਤ ਕਰਾਈ ਜਿਸ ਵਿਚੋਂ ਮਿੱਠਾ ਸੀਤਲ ਜਲ ਨਿਕਲਿਆ। ਸੰਨ ੧੮੩੩ ਬਰਸਾਤ

ਦੇ ਦਿਨਾਂ ਵਿੱਚ ਸਾਰੇ ਇਲਾਕੇ ਵਿੱਚ ਹੈਜਾ ਫੈਲ ਗਿਆ। ਸੰਗਤਾਂ ਨੇ ਬਾਬਾ ਬੀਰ ਸਿੰਘ ਜੀ ਨੂੰ ਬੇਨਤੀ ਕੀਤੀ ਕਿ ਇਸ ਬਿਮਾਰੀ ਦਾ ਕੋਈ ਉਪਾਅ ਕਰੋ। ਬਾਬਾ ਜੀ ਨੇ ਬਚਨ ਕੀਤਾ ਕਿ ਭਾਈ ਜੋ ਪ੍ਰਾਣੀ ਸਤਿਨਾਮ ਸ੍ਰੀ ਵਾਹਿਗੁਰੂ ਦਾ ਜਾਪ ਕਰਦਾ ਹੋਇਆ ਇਸ ਖੂਹ ਦਾ ਜਲ ਲੈ ਕੇ ਬਿਮਾਰ ਦੇ ਮੂੰਹ ਵਿੱਚ ਪਾਏਗਾ ਉਹ ਰਾਜ਼ੀ ਹੋ ਜਾਏਗਾ। ਇਸ ਤਰ੍ਹਾਂ ਕਰਨ ਨਾਲ ਲੋਕ ਰਾਜ਼ੀ ਹੋਣ ਲਗੇ ਅਤੇ ਕਰਾਮਾਤੀ ਖੂਹ ਦੇ ਜਲ ਦਾ ਢੰਡੋਰਾ ਹੀ ਪਿੱਟ ਗਿਆ। ਇਸ ਖੂਹ ਦੇ ਜਲ ਦੀ ਪ੍ਰਤੱਖ ਸ਼ਕਤੀ ਮਹਾਰਾਜਾ ਰਣਜੀਤ ਸਿੰਘ ਨੇ ਲਾਹੌਰ ਵਿੱਚ ਸੁਣੀ। ਮਹਾਰਾਜਾ ਰਣਜੀਤ ਸਿੰਘ ਆਪ ਚਲ ਕੇ ਨੌਰੰਗਾਬਾਦ ਪਹੁੰਚਿਆ ਤੇ ਬਾਬਾ ਜੀ ਦੇ ਹੁਕਮ ਅਨੁਸਾਰ ਸਤਿਨਾਮ ਸ੍ਰੀ ਵਾਹਿਗੁਰੂ ਕਹਿ ਕੇ ਜਲ ਛਕਿਆ ਅਤੇ ਬਹੁਤ ਸਾਰੇ ਬਰਤਨ, ਗਾਗਰਾਂ, ਵਲਟੋਹੇ ਜਲ ਦੇ ਭਰ ਕੇ ਲਾਹੌਰ ਲੈ ਗਿਆ। ਹਜਾਰਾਂ ਦੀ ਗਿਣਤੀ ਵਿੱਚ ਬੀਮਾਰ, ਜਲ ਛਕ ਕੇ ਰਾਜ਼ੀ ਹੋਏ।

ਇੱਕ ਗੁਰਸਿੱਖ, ਭਾਈ ਨਿਹਾਲ ਸਿੰਘ (ਭਾਈ ਮਹਾਰਾਜ ਸਿੰਘ) ਪਿੰਡ ਰਬੋਂ ਉੱਚੀ, ਲੁਧਿਆਣਾ ਤੋਂ ਬਾਬਾ ਜੀ ਦੇ ਦਰਸ਼ਨ ਕਰਨ ਆਏ ਅਤੇ ਸੇਵਾ ਵਿੱਚ ਜੁਟ ਗਏ। ਬਾਬਾ ਖੁਦਾ ਸਿੰਘ, (ਭਾਈ ਜਸਵੰਤ ਸਿੰਘ) ਨੇ ਵੀ ਨੌਰੰਗਾਬਾਦ ਆ ਕੇ ਬਾਬਾ ਜੀ ਦੇ ਡੇਰੇ ਵਿੱਚ ਕੁਝ ਸਮਾਂ ਨਿਵਾਸ ਕੀਤਾ। ਬਾਬਾ ਖੁਦਾ ਸਿੰਘ ਜੀ ਵੀ ਸੰਤ ਭਾਗ ਸਿੰਘ ਕੁਰੀ ਵਾਲੇ ਅਤੇ ਬਾਬਾ ਸਾਹਿਬ ਸਿੰਘ ਬੇਦੀ ਵਲੋਂ ਵਰੋਸਾਏ ਹੋਏ ਦਰਵੇਸ਼ ਸਨ। ਬਾਬਾ ਸਾਹਿਬ ਸਿੰਘ ਬੇਦੀ ਜੀ ੧੮੩੩ ਈ. ਵਿੱਚ ਨਨਕਾਣਾ ਸਾਹਿਬ ਦੀ ਯਾਤਰਾ ਕਰਨ ਤੋਂ ਬਾਅਦ ਤਰਨਤਾਰਨ ਸਾਹਿਬ ਆਏ ਅਗੋਂ ਬਾਬਾ ਬੀਰ ਸਿੰਘ ਜੀ ਨੇ ਇਥੇ ਆਪ ਦਾ ਸਵਾਗਤ ਕੀਤਾ। ਬਾਬਾ ਸਾਹਿਬ ਸਿੰਘ ਬੇਦੀ ਜੀ ਨੇ ਪੁੱਛਿਆ ਕਿ ਬੀਰ ਸਿੰਘ ਜੀ ਤੁਹਾਡਾ ਡੇਰਾ ਕਿੰਨੀ ਦੂਰ ਹੈ। ਬਾਬਾ ਬੀਰ ਸਿੰਘ ਜੀ ਨੇ ਕਿਹਾ ਕਿ ਮਹਾਪੁਰਸ਼ੋ ਸਾਡੀ ਕੁਟੀਆ ਇਥੋਂ ਨੇੜੇ ਹੀ ਹੈ ਤੁਸੀਂ ਆਪਣੇ ਪਵਿੱਤਰ ਚਰਨ ਪਾਓ। ਬਾਬਾ ਸਾਹਿਬ ਜੀ ਬੇਦੀ ਨੌਰੰਗਾਬਾਦ ਡੇਰੇ ਵਿੱਚ ਆਏ ਜਿਥੇ ਸੰਗਤਾਂ ਨੇ ਆਪ ਦਾ ਨਿੱਘਾ ਸੁਆਗਤ ਕੀਤਾ। ਬਾਬਾ ਬੇਦੀ ਸਾਹਿਬ ਦੋ ਦਿਨ ਨੌਰੰਗਾਬਾਦ ਡੇਰੇ ਵਿੱਚ ਰਹੇ ਅਤੇ ਸੰਗਤਾਂ ਨੇ ਸਤਿ ਸੰਗਤ ਦੇ ਲਾਹੇ ਲਏ।

ਨੌਰੰਗਾਬਾਦ ਵਿੱਚ ਸੰਤਪੁਰਾ ਡੇਰਾ, ਸੰਤ ਸਿਪਾਹੀਆਂ ਦੀ ਛਾਉਣੀ ਬਣ ਗਿਆ। ਸੰਗਤਾਂ ਦੀ ਆਵਾਜਾਈ ਵਧ ਗਈ, ਡੇਰੇ ਦਾ ਵਿਸਥਾਰ ਹੋ ਕੇ ੧੦੦ ਏਕੜ ਵਿੱਚ ਫੈਲ ਗਿਆ। ਇਸ ਵਿੱਚ ਸੰਤਾਂ ਮਹਾਪੁਰਖਾਂ ਦੇ ਰਹਿਣ ਲਈ ਨਿਵਾਸ, ਫੌਜਾਂ ਦੇ ਕਮਰੇ, ਘੋੜਿਆਂ ਦੇ ਤਬੇਲੇ, ਲੰਗਰ ਪਕਾਉਣ, ਛਕਾਉਣ ਅਤੇ ਸੰਭਾਲ ਲਈ ਹਾਲ, ਸੁੰਦਰਤਾ ਵਧਾਉਣ ਲਈ ਫੁੱਲ, ਬੂਟੇ, ਬਾਗ ਲਗ ਗਏ। ਇਸ ਦੇ ਨਾਲ ਹੀ ਇੱਟਾਂ ਦੀ ਪੂਰਤੀ ਲਈ ਆਵਾ ਵੀ ਬਣ ਗਿਆ। ਇਸ ਸਭ ਕੁਝ ਦਾ ਪ੍ਰਬੰਧ ਸੁਚਾਰੂ ਢੰਗ ਨਾਲ ਚਲਾਉਣ ਲਈ ਸੈਂਕੜੇ ਸੇਵਾਦਾਰਾਂ ਦੀਆਂ ਡਿਊਟੀਆਂ ਲਗੀਆਂ ਹੋਈਆ ਸਨ। ਬਾਬਾ ਜੀ ਪਾਸ ਹਰ ਸਮੇਂ ਤਿੰਨ ਹਜ਼ਾਰ ਘੋੜ ਸਵਾਰ ਅਤੇ ਇੱਕ ਹਜਾਰ ਬੰਦੂਕ ਧਾਰੀ ਸਿੰਘ ਸਦਾ ਤਿਆਰ ਬਰ ਤਿਆਰ ਰਹਿੰਦੇ ਸਨ।

ਮਹਾਰਾਜਾ ਰਣਜੀਤ ਸਿੰਘ ਦੀ ਮੌਤ ਤੋਂ ਬਾਅਦ ਲਾਹੌਰ ਦਰਬਾਰ ਵਿੱਚ ਖਾਨਾ ਜੰਗੀ ਸ਼ੁਰੂ ਹੋ ਗਈ। ਬਾਬਾ ਬੀਰ ਸਿੰਘ ਜੀ ਇਸ ਭਰਾ ਮਾਰੂ ਨੀਤੀ ਤੋਂ ਬਹੁਤ ਨਿਰਾਸ਼ ਸਨ। ਲਾਹੌਰ ਦਰਬਾਰ ਵਿੱਚ ਹੀਰਾ ਸਿੰਘ ਡੋਗਰਾ ਨੇ ਪ੍ਰਧਾਨ ਮੰਤਰੀ ਬਣ ਕੇ ਅਤੇ ਪੰਡਿਤ ਜਲ੍ਹਾ ਤੋਂ ਸਲਾਹ ਲੈ ਕੇ ਸਿੱਖ ਸਰਦਾਰਾਂ, ਸਹਿਜਾਦਿਆਂ ਅਤੇ ਸੈਨਾ ਅਧਿਕਾਰੀਆਂ ਪ੍ਰਤੀ ਅਨਾਦਰ ਦਾ ਰੁਖ ਅਪਣਾ ਲਿਆ। ਖਾਸ ਕਰਕੇ ਡੋਗਰਿਆਂ ਅਤੇ ਸੰਧਾਵਾਲੀਏ ਸਰਦਾਰਾਂ ਦਾ ਆਪਸੀ ਵਿਰੋਧ ਬਹੁਤ ਤਿੱਖਾ ਹੋ ਗਿਆ। ਬਾਬਾ ਬੀਰ ਸਿੰਘ ਜੀ ਨੇ ਸੁਲ੍ਹਾ-ਸਫਾਈ ਵਾਸਤੇ ਅਨੇਕ ਕੋਸ਼ਿਸ਼ਾਂ ਕੀਤੀਆਂ ਪ੍ਰੰਤੂ ਡੋਗਰਿਆਂ ਨੇ ਰਾਜ ਤੇ ਕਬਜ਼ਾ ਕਰਨ ਦੀ ਆਪਣੀ ਜਿੱਦ ਨੱਹੀਂ ਛਡੀ। ਸ.ਅਤਰ ਸਿੰਘ ਸੰਧਾਵਾਲੀਏ ਅਤੇ ਹੋਰ ਸਰਦਾਰ, ਮਹਾਰਾਜਾ ਰਣਜੀਤ ਸਿੰਘ ਦੇ ਰਾਜਕੁਮਾਰ ਕਸ਼ਮੀਰਾ ਸਿਘ ਅਤੇ ਪਸ਼ੌਰਾ ਸਿੰਘ, ਸ.ਹਰੀ ਸਿੰਘ ਨਲੂਆ ਦੇ ਬੇਟੇ ਸ.ਜਵਾਹਰ ਸਿੰਘ, ਦੀਵਾਨ ਬਿਸਾਖਾ ਸਿੰਘ ਆਦਿਕ ਨੇ ਡੇਰੇ ਵਿੱਚ ਸ਼ਰਨ ਲੈ ਲਈ। ਹੀਰਾ ਸਿੰਘ ਡੋਗਰੇ ਨੇ ਬਾਬਾ ਜੀ ਨੂੰ ਕਿਹਾ ਕਿ ਸਾਰੇ ਬਾਗੀਆਂ ਨੂੰ ਲਾਹੌਰ ਦਰਬਾਰ ਦੇ ਹਵਾਲੇ ਕਰ ਦਿਓ। ਪਰ ਬਾਬਾ ਜੀ ਨੇ ਐਸਾ ਕਰਨ ਤੋਂ ਇਨਕਾਰ ਕਰ ਦਿੱਤਾ ਕਿ ਗੁਰੂ ਘਰ ਵਿਚੋਂ ਕਿਸੇ ਨੂੰ ਵੀ ਕੱਢਿਆ ਨਹੀਂ ਜਾ ਸਕਦਾ :

**ਜੋ ਸਰਣਿ ਆਵੈ ਤਿਸੁ ਕੰਠਿ ਲਾਵੈ ਇਹੁ ਬਿਰਦੁ ਸੁਆਮੀ ਸੰਦਾ ॥** (ਅੰਗ-੫੪੪)

ਹੀਰਾ ਸਿੰਘ ਡੋਗਰੇ ਨੇ ਮੁਸਲਮਾਨ ਪਲਟਨਾ ਨੂੰ ਹੁਕਮ ਕੀਤਾ ਕਿ ਡੇਰੇ ਉਤੇ ਹਮਲਾ ਕਰਕੇ ਸ.ਅਤਰ ਸਿੰਘ, ਸਹਿਜ਼ਾਦਾ ਕਸਮੀਰਾ ਸਿੰਘ ਤੇ ਬਾਬਾ ਬੀਰ ਸਿੰਘ ਨੂੰ ਮਾਰ ਦਿਓ ਪਰ ਇਸ ਫੌਜ ਨੇ ਸਾਫ ਇਨਕਾਰ ਕਰਦੇ ਹੋਏ ਕਿਹਾ ਕਿ ਉਹ ਬਾਬਾ ਬੀਰ ਸਿੰਘ ਜਿਹੇ ਦਰਵੇਸ਼ ਤੇ ਹਮਲਾ ਨਹੀਂ ਕਰ ਸਕਦੇ। ਫਿਰ ਹੋਰ ਫੌਜਾਂ ਨੂੰ ਲਾਲਚ ਦਿੱਤੇ ਅਤੇ ਡੇਰੇ ਦੇ ਖਿਲਾਫ ਭੜਕਾਇਆ ਕਿ ਸੰਧਾਵਾਲੀਏ ਬਾਬਾ ਜੀ ਦੀ ਮਦਦ ਨਾਲ ਲਾਹੌਰ ਦਰਬਾਰ ਤੇ ਕਾਬਜ ਹੋ ਜਾਣਗੇ। ਫਿਰ ਮੀਆਂ ਲਾਭ ਸਿੰਘ ਨੂੰ ਵੀਹ ਹਜਾਰ ਸੈਨਿਕ ਅਤੇ ਪੰਜਾਹ ਤੋਪਾਂ ਦੇ ਕੇ ਡੇਰੇ ਉੱਤੇ ਹਮਲਾ ਕਰਨ ਲਈ ਭੇਜਿਆ। ਉਦੋਂ ਬਾਬਾ ਜੀ ਨੇ ਹਰੀ ਕੇ ਪੱਤਣ ਲਾਗੇ ਡੇਰੇ ਲਾਏ ਹੋਏ ਸਨ। ਪਿੰਡ ਸਭਰਾਂ ਤੋਂ ਹੁੰਦੇ ਹੋਏ ਭਾਊਵਾਲ ਪਿੰਡ ਬਾਬਾ ਜੀ ਬੈਠੇ ਸਨ। ਬਾਬਾ ਜੀ ਕੋਲ ਉਸ ਸਮੇਂ ਕੁਲ ਦਸ ਬਾਰਾਂ ਹਜਾਰ ਹਥਿਆਰਬੰਦ ਤਿਆਰ ਬਰ ਤਿਆਰ ਫੌਜੀ ਸਨ ਪਰ ਬਾਬਾ ਜੀ ਨੇ ਪਹਿਲਾਂ ਹੀ ਹੁਕਮ ਕਰ ਦਿੱਤਾ ਸੀ ਕਿ ਕਿਸੇ ਨੇ ਹੱਥ ਨਹੀਂ ਚੁਕਣਾ। ਭਰਾਵਾਂ ਤੇ ਵਾਰ ਨਹੀਂ ਕਰਨਾ ਅਤੇ ਸ਼ਰਨ ਆਇਆਂ ਦੀ ਲਾਜ ਰੱਖਣੀ ਹੈ। ਇੱਥੇ ਤਕ ਕਿ ਬਾਬਾ ਜੀ ਨੇ ਉਸ ਦਿਨ ਵਧੇਰੇ ਲੰਗਰ ਤਿਆਰ ਕਰਨ ਨੂੰ ਕਿਹਾ ਤਾਂ ਜੋ ਹਮਲਾਆਵਰ ਵੀ ਪ੍ਰਸਾਦ ਛੱਕ ਲੈਣ। ਲਾਹੌਰ ਦੀ ਸੈਨਾ ਨੇ ਅੰਨੇਵਾਹ ਗੋਲਾਬਾਰੀ ਕਰਕੇ ਲੱਗ-ਪੱਗ ਚਾਰ ਸੌ ਸਿੱਖ ਸ਼ਹੀਦ ਕਰ ਦਿੱਤੇ ਅਤੇ ਦੋ ਸੌ ਸੇਵਕ ਦਰਿਆ ਵਿੱਚ ਰੁੜ ਗਏ। ਬਾਬਾ ਜੀ ਉਸ ਸਮੇਂ ਪਲੰਘ ਤੇ ਬਿਰਾਜਮਾਨ ਸਨ। ਇਕ ਗੋਲਾ ਬਾਬਾ ਜੀ ਦੇ ਸਜੇ ਗੋਡੇ ਤੇ ਲੱਗਾ। ਬਾਬਾ ਜੀ ਨੂੰ ਜ਼ਖਮੀ ਹੋਇਆ ਵੇਖ ਕੇ ਜੁਝਾਰੂ ਸਿੰਘ ਕਚੀਚੀਆਂ ਵੱਟ ਰਹੇ ਸਨ ਪਰ ਮਜਬੂਰੀ ਵਸ ਹੱਥ

ਨਹੀਂ ਚੁਕ ਰਹੇ ਸਨ। ਬਾਬਾ ਜੀ ਦਾ ਸਰੀਰ ਗੋਲੀਆਂ ਨਾਲ ਛਾਨਣੀ ਹੋ ਗਿਆ। ਬਾਬਾ ਬੀਰ ਸਿੰਘ ਜੀ ਦਾ ਅੰਤਿਮ ਸਮਾਂ ਨੇੜੇ ਆ ਗਿਆ ਸੋ ਉਨ੍ਹਾਂ ਨੇ ਭਾਈ ਮਹਾਰਾਜ ਸਿੰਘ ਨੂੰ ਬੁਲਾ ਕੇ ਕਿਹਾ ਕਿ ਤੁਸੀਂ ਨੌਰੰਗਾਬਾਦ ਡੇਰੇ ਵਿੱਚ ਚਲੇ ਜਾਓ। ਸ਼ਹੀਦ ਹੋਏ ਸਿੰਘਾ ਨੂੰ ਜਲ ਪਰਵਾਹ ਕਰ ਦਿਓ ਅਤੇ ਜ਼ਖਮੀਆਂ ਦੀ ਸੰਭਾਲ ਕਰੋ। ਬਾਬਾ ਬੀਰ ਸਿੰਘ ਜੀ, ਅਤਰ ਸਿੰਘ ਸੰਧਾਵਾਲੀਆ ਅਤੇ ਕੰਵਰ ਕਸਮੀਰਾ ਸਿੰਘ ਅਤੇ ਹੋਰ ਬਹੁਤ ਸਿੰਘ ੭ ਮਈ ੧੯੪੪ ਈ. ਨੂੰ ਸ਼ਹੀਦੀਆਂ ਪ੍ਰਾਪਤ ਕਰ ਗਏ।

ਬਾਬਾ ਜੀ ਦੀ ਦੇਹ ਨੂੰ ਪਲੰਘ ਸਮੇਤ ਜਲ ਪ੍ਰਵਾਹ ਕਰ ਦਿੱਤਾ ਗਿਆ। ਪਰ ਉਨ੍ਹਾਂ ਦਾ ਪਲੰਘ ਮੁਠਿਆਂ ਵਾਲੀ ਪਿੰਡ ਦੇ ਨੇੜੇ ਦਰਿਆ ਦੇ ਕੰਢੇ ਝਾੜੀਆਂ ਵਿੱਚ ਫਸ ਗਿਆ। ਉਸ ਸਮੇਂ ਭਾਈ ਗੰਡਾ ਸਿੰਘ ਅਤੇ ਭਾਈ ਰਾਮ ਸਿੰਘ ਦੋ ਰਾਮਗੜੀਏ ਭਰਾਵਾਂ ਨੇ ਪਲੰਘ ਦੀ ਸੰਭਾਲ ਕੀਤੀ। ਭਾਈ ਰਾਮ ਸਿੰਘ ਜੀ ਨੇ ਬਾਬਾ ਜੀ ਦੇ ਡੇਰੇ ਨੌਰੰਗਾਬਾਦ ਜਾ ਕੇ ਇਹ ਖਬਰ ਦਿੱਤੀ ਅਤੇ ਭਾਈ ਮਹਾਰਾਜ ਸਿੰਘ ਸ.ਜਵਾਹਰ ਸਿੰਘ ਨਲੂਆ, ਸੰਤ ਫੂਲਾ ਸਿੰਘ ਆਦਿਕ ਤੁਰੰਤ ਪਲੰਘ ਕੋਲ ਪਹੁੰਚ ਗਏ। ਉਸ ਪਿੰਡ ਵਿੱਚ ਹੀ ਬਾਬਾ ਜੀ ਦਾ ਅੰਤਮ ਸੰਸਕਾਰ ਕੀਤਾ ਗਿਆ ਉਥੋਂ ਬਾਬਾ ਜੀ ਦੀਆਂ ਅਸਥੀਆਂ ਦੀ ਗਾਗਰ ਨੌਰੰਗਾਬਾਦ ਵਿੱਚ ਲਿਆ ਕੇ ਸਮਾਧ ਬਣਾਈ ਗਈ। ਬਾਬਾ ਜੀ ਸਿੱਖ ਸੰਗਤ ਵਿੱਚ ਇਤਨੇ ਹਰਮਨ ਪਿਆਰੇ ਸਨ ਕਿ ੩੬੬ ਥਾਵਾਂ ਤੇ ਆਪ ਦੀਆਂ ਯਾਦਗਾਰਾਂ ਬਣਾਈਆਂ ਗਈਆਂ। ਨੌਰੰਗਾਬਾਦ, ਗੱਗੋਬੂਆ, ਗੁਰਦੁਆਰਾ ਦਮਦਮਾ ਸਾਹਿਬ ਠੱਟਾ (ਸੁਲਤਾਨਪੁਰ), ਮੁਠਿਆਵਾਲੀ, ਸਭਰਾਂ, ਰੱਤੋ ਕੀ ਅਤੇ ਹੋਰ ਸੈਕੜੇ ਥਾਵਾਂ ਤੇ ੨੭ ਵਿਸਾਖ ਨੂੰ ਬਾਬਾ ਜੀ ਦੀ ਯਾਦ ਵਿੱਚ ਧਾਰਮਿਕ ਸਮਾਗਮ ਹੁੰਦੇ ਹਨ। ਅਜ-ਕਲ੍ਹ ਗੁਰਦੁਆਰਾ ਨੌਰੰਗਾਬਾਦ ੨੯ ਏਕੜ ਜ਼ਮੀਨ ਵਿੱਚ ਬਣਿਆ ਹੋਇਆ ਹੈ। ਇਸ ਦਾ ਪ੍ਰਬੰਧ ਸ੍ਰੋਮਣੀ ਕਮੇਟੀ ਅਧੀਨ ਹੈ। ਇਸੇ ਤਰ੍ਹਾਂ ਬਾਬਾ ਜੀ ਦੇ ਹੋਰ ਦਮਦਮਿਆਂ ਦੇ ਨਾਮ ਵੀ ਜਮੀਨਾਂ ਹਨ ਜਿਵੇਂ ਮਲਮੋਹਰੀ ੨ ਕਿੱਲੇ, ਢੋਟੀਆਂ ੩੦ ਕਿੱਲੇ, ਕੱਲਾ ੭ ਕਿੱਲੇ, ਵੇਈਂ ਪੁਈ ੬ ਕਿੱਲੇ, ਭੁਲੱਰ ੨ ਕਿੱਲੇ ਅਲਾਵਲਪੁਰ ੨ ਕਿੱਲੇ। ਗਗੋਬੂਆ ਗੁਰਦੁਆਰੇ ਵਿੱਚ ਬਾਬਾ ਬੀਰ ਸਿੰਘ ਜੀ ਦੀ ਸੋਨੇ ਦੀ ਮੁੱਠ ਵਾਲੀ ਸ੍ਰੀ ਸਾਹਿਬ, ਕਟਾਰ, ਬਾਰਾਂ ਸਿੰਙੇ ਦੇ ਸਿੰਙ ਵਿੱਚ ਮੜੀ ਹੋਈ ਮੁਠ ਵਾਲਾ ਗਿਆਰਾਂ ਇੰਚ ਲੰਬਾ ਚਾਕੂ ਸੁਰੱਖਿਅਤ ਹਨ।

ਬਾਬਾ ਬੀਰ ਸਿੰਘ ਜੀ ਨੇ ਜ਼ਬਰ ਦਾ ਟਾਕਰਾ ਸਬਰ ਨਾਲ ਕਰਨ ਦੇ ਪੂਰਨੇ ਪਾਏ। ਆਪਣੀ ਸ਼ਹਾਦਤ ਦੇ ਕੇ ਸਿੱਖ ਸੰਗਤਾਂ ਨੂੰ ਸਬਕ ਦਿੱਤਾ ਕਿ ਸਿੱਖ-ਸਿੱਖ ਨਾਲ ਲੜਾਈ ਨਾ ਕਰੇ। ਅੱਜ ਕਲ੍ਹ ਇਸ ਸਬਕ ਦੀ ਬਹੁਤ ਹੀ ਜਿਆਦਾ ਲੋੜ ਹੈ ਕਿਉਂਕਿ ਸਿੱਖਾਂ ਦੇ ਬਹੁਤ ਸਾਰੇ ਫਿਰਕੇ ਇੱਕ ਦੂਜੇ ਨਾਲ ਖਹਿ ਬਾਜੀ ਕਰਕੇ ਕੌਮ ਦਾ ਨੁਕਸਾਨ ਕਰ ਰਹੇ ਹਨ। ਗੁਰੂ ਕ੍ਰਿਪਾ ਕਰੇ ਬਾਬਾ ਜੀ ਦੇ ਪਾਏ ਪੂਰਨਿਆਂ ਤੇ ਚਲ ਕੇ ਸਿੱਖ ਕੌਮ ਇੱਕ ਮੁੱਠ ਹੋ ਕੇ ਸ਼ਕਤੀਸਾਲੀ ਬਣਕੇ ਧਰਮ ਦੇ ਦੋਖੀਆਂ ਦਾ ਮੁਕਾਬਲਾ ਕਰ ਸਕੇ।

-o-o-o-

# ਸੰਸਥਾ ਦੇ ਕਾਰਜਾਂ ਲਈ ਮੋਹਾਲੀ ਅਤੇ ਚੰਡੀਗੜ੍ਹ ਦੀ ਸੰਗਤ ਵਲੋਂ ਅਗਸਤ-2023 ਵਿੱਚ ਆਈ ਸਹਾਇਤਾ

**ਜਰਨਲ** : ਸ.ਕਰਮਜੀਤ ਸਿੰਘ ੫੦੦/-, ਸ.ਸਵਰਨ ਸਿੰਘ ੨੦੧੫/-, ਸ.ਹਰੀ ਸਿੰਘ ਕੁਵੈਤ ਵਾਲੇ ੧੦੦੦੦/-, ਸ.ਭਗਵੰਤ ਸਿੰਘ ੫੦੦/-, ਸ.ਤੇਜਵੰਤ ਸਿੰਘ ੫੦੦/-, ਬੀਬੀ ਜਸਭਿੰਦਰ ਕੌਰ ੫੦੦/-, ਸ.ਬਲਦੇਵ ਸਿੰਘ ੧੦੦੦/-, ਸ.ਸੁਰਜੀਤ ਸਿੰਘ ੫੦੦/-, ਸ.ਪਰਮਜੀਤ ਸਿੰਘ ੧੫੦੦/-, ਬੀਬੀ ਕੰਵਲਜੀਤ ਕੌਰ ੮੦੦/-, ਸ.ਤੇਜ ਸਿੰਘ ੨੦੦੦/-, ਸ.ਨਿਰੰਜਨ ਸਿੰਘ ੫੦੦/-, ਸ.ਬਲਦੇਵ ਸਿੰਘ ੧੦੦੦/-, ਸ.ਕੁਲਦੀਪ ਸਿੰਘ ੧੫੦੦੦/-, ਸ.ਗੁਰਬਚਨ ਸਿੰਘ ੧੦੦੦/-, ਗੁਪਤ ੫੦੦/-, ਸ.ਜਸਬੀਰ ਸਿੰਘ ੪੦੦੦/-, ਸ.ਸੁਖਬੰਸ ਸਿੰਘ ੫੦੦/-, ਸ.ਸਨਦੀਪ ਸਿੰਘ ੨੦੦/-, ਸ.ਲਖਜੀਤ ਸਿੰਘ ੧੦੪/-, ਸ.ਕਰਨੈਲ ਸਿੰਘ ੧੦੦੦/-, ਸ.ਅਮਰ ਸਿੰਘ ੫੦੦/-, ਕੋਠੀ ਨੰ.੧, ਫੇਜ ੩-ਏ=੫੦੦/-, ਸ.ਹਰਪਾਲ ਸਿੰਘ ੧੦੦/-, ਗੁਪਤ ੧੦੦/-, ਸ.ਭਾਗ ਸਿੰਘ ੨੦੦/-, ਸ.ਬਲਵਿੰਦਰ ਸਿੰਘ ੧੦੦੦/-, ਸ.ਦਲਜੀਤ ਸਿੰਘ ੫੦੦/-, ਬੀਬੀ ਦਲਜੀਤ ਕੌਰ ੫੧੦੦੦/-, ਸ.ਕੁਲਦੀਪ ਸਿੰਘ ੨੦੦/-, ਗੁਪਤ ੩੧੦੦/-, ਸ.ਅਨਮੋਲਦੀਪ ਸਿੰਘ ੨੨੦੦/-, ਦਸਵੰਧ ੧੧੦੦/-, ਸ.ਗੁਰਬਚਨ ਸਿੰਘ ੫੦੦/-, ਸ.ਗੁਲਜਾਰ ਸਿੰਘ ੧੦੦੦/-, ਸ.ਅਮਰੀਕ ਸਿੰਘ ੨੦੦/-, ਸ.ਬਲਦੇਵ ਸਿੰਘ ੫੦੦/-, ਬੀਬੀ ਜਗਦੀਸ਼ ਕੌਰ ੧੦੦/-, ਬੀਬੀ ਦਲਜੀਤ ਕੌਰ ੫੦/-, ਸ.ਭਾਗਵੰਤ ਸਿੰਘ ੫੦੦/-, ਸ.ਮੋਹਨ ਸਿੰਘ ੨੦੦੦/-, ਸ.ਜਸਪਾਲ ਸਿੰਘ ੧੦੦/-, ਸ.ਭਾਗਵੰਤ ਸਿੰਘ ੫੦੦/-, ਬੀਬੀ ਸਤਨਾਮ ਕੌਰ ੧੦੦੦/-, ਬੀਬੀ ਤੇਜਿੰਦਰ ਕੌਰ ੧੦੦੦/-, ਬੀਬੀ ਅੰਮ੍ਰਿਤਪਾਲ ਕੌਰ ੧੧੦੦੦/-, ਸ.ਰਵਿੰਦਰਪਾਲ ਸਿੰਘ ੬੧/-, ਗੁਪਤ ੫੦+੧੦/-, ਕਰਨਲ ਰਾਜਿੰਦਰ ਸਿੰਘ ੧੦੦੦੦੦/-, ਸ.ਮਨਜੀਤ ਸਿੰਘ ੫੦੦/-, ਬੀਬੀ ਜਸਜੀਤ ਕੌਰ ੫੦੦/-, ਗੁਪਤ ੫੦੦/-, **(ਮੋਹਾਲੀ)** : **ਸ.ਬਲਦੇਵ ਸਿੰਘ ਫੇਜ ੩ਬੀ੨ ਰਾਹੀਂ** : ਬੀ.ਜਗਦੀਸ਼ ਕੌਰ ੧੦੦/-, ਬੀਬੀ ਦਲਜੀਤ ਕੌਰ ੫੦/-, **ਸ.ਸ਼ਮਸ਼ੇਰ ਸਿੰਘ ਰਾਹੀਂ** : ੧੦੦+੨੦੦/-, **ਸ.ਬਲਦੇਵ ਸਿੰਘ ਫੇਜ ੧੦ ਰਾਹੀਂ** : ਸ.ਨਛੱਤਰ ਸਿੰਘ ੧੦੦/-, ਸ.ਸਵਰਨ ਸਿੰਘ ੧੦੦/-, ਸ.ਕੁਲਵੰਤ ਸਿੰਘ ੧੦੦/-, ਬੀਬੀ ਦਰਸ਼ਨਜੋਤ ਕੌਰ ੫੦/-, ਬੀਬੀ ਸਿੰਦਰਪਾਲ ਕੌਰ ੨੦੦/-, ਸ.ਅਵਤਾਰ ਸਿੰਘ ੧੦੦/-, ਬੀਬੀ ਜਗਦੀਸ਼ ਕੌਰ ੫੦/-, ਸ.ਨਛੱਤਰ ਸਿੰਘ ੧੦੦/-, ਸ.ਬੀ.ਐਸ.ਫੂਲਕਾ ੨੦੦/-, ਬੀਬੀ ਸਿੰਦਰਪਾਲ ਕੌਰ ੨੦੦/-, ਸ.ਅਵਤਾਰ ਸਿੰਘ ੧੦੦/-, ਸ.ਜਗਦੀਸ਼ ਕੌਰ ੫੦/-, ਸ.ਦਰਸ਼ਨਜੋਤ ਕੌਰ ੫੦/-, **ਸ.ਬਰਿੰਦਰ ਸਿੰਘ ਫੇਜ ੧੧ ਰਾਹੀਂ** : ਸ.ਗੁਰਦਿਆਲ ਸਿੰਘ ੧੦੦/-, ਸ.ਤੇਜਪਾਲ ਸਿੰਘ ੧੦੦/-, ਪ੍ਰਭਕਿਰਤਨ ਸਿੰਘ ੧੦੦/-, ਜਗਜੀਤ ਕੈਮੀਸਟ ੧੦੦/-, ਸਾਹਨੀ ਮੈਡੀਕਲ ਹਾਲ ੨੫੦/-, ਸ.ਅਮਰਜੀਤ ਸਿੰਘ ੧੦੦/-, ਸ.ਤਰਸੇਮ ਸਿੰਘ ੫੦/-, ਜਨਤਾ ਆਟਾ ਚੱਕੀ ੧੦੦/-, ਸ.ਇੰਦਰ ਸਿੰਘ ੧੦੦/-, ਸ.ਗੁਰਸ਼ਰਨਜੀਤ ਸਿੰਘ ੫੦੦/-, ਸ.ਅਜਮੇਰ ਸਿੰਘ ੫੦/-, ਸ.ਬਲਜੀਤ ਸਿੰਘ ੧੦੦/-, ਸ.ਤੇਜਪਾਲ ਸਿੰਘ ੧੦੦/-, **ਸ.ਗੁਰਮੀਤ ਸਿੰਘ ਸੈਕਟਰ ੭੯ ਰਾਹੀਂ** : ਸ.ਗੁਰਮੀਤ ਸਿੰਘ ੧੦੦੦/-, ਸ.ਰੁਪਿੰਦਰ ਸਿੰਘ ੧੦੦/-, ਸ.ਧਰਮਪਾਲ ਸਿੰਘ ੨੦੦/-, ਸ੍ਰੀ.ਐਚ.ਐਸ.ਰੱਖੜਾ ੧੦੦/-, ਸ.ਬਾਬੂ ਸਿੰਘ ੫੦੦/-, ਸ.ਕਰਮ ਸਿੰਘ ੧੦੦/-, ਸ.ਸੁੱਚਾ ਸਿੰਘ ੫੦੦/-, **(ਚੰਡੀਗੜ੍ਹ)** : **ਸ.ਸੁਖਦੇਵ ਸਿੰਘ ਸੈਕਟਰ ੨੩ ਰਾਹੀਂ** : ਬੀਬੀ ਜਸਜੀਤ ਕੌਰ ੫੦੦/-, ਗੁਪਤ ੫੦੦/-, **ਸ.ਰਘਬੀਰ ਸਿੰਘ ਸੈਕਟਰ ੩੭-੩੮ ਰਾਹੀਂ** : ਸ.ਲਾਭ ਸਿੰਘ ੧੦੦/-, ਸ.ਟੀ.ਐਸ.ਸੈਣੀ ੩੦/-, ਸ.ਸੁਮੀਤ ਸਿੰਘ ੫੦੦/-, ਸ.ਸਾਧੂ ਸਿੰਘ ੨੦੦/-, ਸ.ਸੋਹਨ ਸਿੰਘ ੨੦੦/-, ਸ.ਐਮ.ਪੀ.ਸਿੰਘ ੨੦੦/-, ਸ੍ਰੀ.ਐਮ.ਐਸ.ਜੱਗੀ ੧੦੦/-, ਸ.ਲਵਪ੍ਰੀਤ ਸਿੰਘ ੫੦/-, ਸ.ਸ਼ਬਦਮੀਤ ਸਿੰਘ ੫੦/-, ਸ.ਰਘਬੀਰ ਸਿੰਘ ੧੦੦੦/-, **ਸ.ਅਵਤਾਰ ਸਿੰਘ ਸੈਕਟਰ ੩੭ ਰਾਹੀਂ** : ਗੁਪਤ ੧੦੦/-, ਸ.ਰਜਿੰਦਰ ਸਿੰਘ ੫੦/-, ਸ.ਅਮਰਜੀਤ ਸਿੰਘ ੧੦੦/-, ਸ.ਸਰਬਜੀਤ ਸਿੰਘ ੧੦੦/-, ਸ.ਗੁਰਕੰਵਲ ਸਿੰਘ ੨੦੦/-, ਗੁਪਤ ੫੦੦/-, **ਸ.ਬਲਿਹਾਰ ਸਿੰਘ ਸੈਕਟਰ ੪੪ ਰਾਹੀਂ** : ਬੀਬੀ ਅਤਰ ਕੌਰ ੧੦੦+੧੦੦+੧੦੦/-, ਡਾ.ਸੁਵਿੰਦਰ ਸਿੰਘ ੩੦੦+੩੦੦/-, ਸ.ਰਤਨ ਸਿੰਘ ੨੦੦/-, ਡਾ.ਦਿਲਾਵਰ ਸਿੰਘ ੧੦੦+੧੦੦+੧੦੦/-, ਸ.ਮਨਦੀਪ ਸਿੰਘ ੧੦੦+੧੦੦+੧੦੦/-, ਸ.ਹਰਸ਼ਮੀਤ ਸਿੰਘ ੧੦੦+੧੦੦+੧੦੦/-, ਸ.ਬਲਿਹਾਰ ਸਿੰਘ ੫੦੦+੫੦੦+੫੦੦/-, ਸ.ਗੁਰਮੀਤ ਸਿੰਘ ੨੦੦/-, **ਸ.ਰਵਿੰਦਰਪਾਲ ਸਿੰਘ ਸੈਕਟਰ ੪੫ ਰਾਹੀਂ** : ਬੀਬੀ ਜਸਵਿੰਦਰ ਕੌਰ ੧੦/-, ਸ.ਜਗਜੀਤ ਸਿੰਘ ੫੧/-, **ਸ.ਹਰਜਿੰਦਰ ਸਿੰਘ ਸੈਕਟਰ ੪੬ ਰਾਹੀਂ** : ਸ.ਚਰਨ ਸਿੰਘ ਜੀ ਪਰਿਵਾਰ ੧੦੦੦/-, ਸ.ਦਿਲਬਾਗ ਸਿੰਘ ੨੦੦/-, ਸ਼ਰਮਾ ਪਰਿਵਾਰ ੧੦੦/-, ਗੁਲਾਟੀ ਪਰਿਵਾਰ ੧੦੦/-, ਬੀਬੀ ਦਲਜੀਤ ਕੌਰ ੫੦/-, ਸ.ਹਰਜਿੰਦਰ ਸਿੰਘ ੩੫੦/-, **ਸ.ਹਰਦੀਪ ਸਿੰਘ ਰਾਹੀਂ** : ਸ੍ਰੀ.ਐਚ.ਪੀ.ਸਿੰਘ ੧੦੦/-, ਸ.ਸੁਰਜੀਤ ਸਿੰਘ ੧੦੦/-, ਬੀਬੀ ਮਨਜੀਤ ਕੌਰ ੨੦੦/-, ਬੀਬੀ ਜਸਪ੍ਰੀਤ ਕੌਰ ੫੦੦/-, ਸ੍ਰੀ.ਵੀਰਾ ਆਲੀ ੧੦੦੦-, ਬੀਬੀ ਮਨਜੀਤ ਕੌਰ ੧੦੦/-, ਸ.ਸੁਰਿੰਦਰਜੀਤ ਸਿੰਘ ੨੦੦/-,

ਸ.ਨਗੀਨਾ ਸਿੰਘ ੧੦੦/-, ਸ.ਮੋਹਨ ਸਿੰਘ ੧੦੦/-, ਸ.ਅਲਬੇਲ ਸਿੰਘ ੧੦੦/-, ਸੇਠੀ ਪਰਿਵਾਰ ੧੦੦/-, ਸ.ਕਰਮ ਸਿੰਘ ੨੦੦/-, ਸ.ਤੇਜਿੰਦਰ ਸਿੰਘ ੨੦/-, ਸ.ਸਤਬੀਰ ਸਿੰਘ ੫੦੦/-, ਬੀਬੀ ਮਨਜੀਤ ਕੌਰ ੧੦੦/-, ਸ.ਗੁਰਦਿਆਲ ਸਿੰਘ ੫੦/-, ਬੀਬੀ ਮਨਜੀਤ ਕੌਰ ੫੦/-, ਸ.ਸਤਬੀਰ ਸਿੰਘ ੧੦੦/-, ਬੀਬੀ ਮਨਜੀਤ ਕੌਰ ੨੨/-, ਬੀਬੀ ਹਰਬੀਰ ਕੌਰ ੨੫੦/-, ਸ੍ਰੀ.ਜੀ.ਐਸ.ਓਬਰਾਏ ੫੦/-, ਬੀਬੀ ਜਸਪ੍ਰੀਤ ਕੌਰ ੫੦/-, ਸਡਾਣਾ ਜਨਰਲ ਸਟੋਰ ੫੦੦/-, ਬੀਬੀ ਹਰਬੰਸ ਕੌਰ ੫੦੦/-, **ਸ.ਮਨਿੰਦਰ ਸਿੰਘ ਚੰਡੀਗੜ੍ਹ ਰਾਹੀਂ** : ਸ.ਉਦੈ ਸਿੰਘ ੧੦/-, ਲੇਟ ਸ.ਗੁਰਬਖਸ਼ ਸਿੰਘ ੫੦੦/-, ਬੀ.ਰਵਿੰਦਰ ਕੌਰ ੨੦੦/-, ਸ.ਜਸਵੰਤ ਸਿੰਘ ੫੦੦/-, ਸ੍ਰੀ.ਭਾਟੀਆ ਜੀ ੨੦੦/-, ਸ.ਬਲਵੰਤ ਸਿੰਘ ੫੦੦/-, ਸ.ਅਮਰ ਸਿੰਘ ੫੦੦/-, ਸ.ਦਰਸ਼ਨ ਕੋਰ ੫੦੦/-, **ਗਿਆਨੀ ਮਨਜੀਤ ਸਿੰਘ ਰਾਹੀਂ** : ਗੁਪਤ ੨੦੦/-, ਬੀਬੀ ਰਤਨ ਕੌਰ ੫੦੦/-, ਸ.ਨਛੱਤਰ ਸਿੰਘ ੫੦/-, ਸ.ਬਲਦੇਵ ਸਿੰਘ ੧੦੦/-, ਸ.ਤਰਲੋਚਨ ਸਿੰਘ ੮੦੦/-, ਸ.ਕੁਲਦੀਪ ਸਿੰਘ ੨੦/-, ਸ.ਜੋਗਿੰਦਰ ਸਿੰਘ ੫੦/-, ਚੋਹਾਨ ਜਿਊਲਰਜ਼ ੧੦੦/-, ਮਿਲਨ ਸ਼ੋਪ ੫੦/-, ਸ.ਹਰਬੰਸ ਸਿੰਘ ੨੦/-, ਸ.ਜਸਨਦੀਪ ਸਿੰਘ ੧੦੦/-, ਸ.ਸੁਰਿੰਦਰ ਸਿੰਘ ੫੦/-, ਸ.ਸਰਜੰਤ ਸਿੰਘ ੧੦੦/-, ਸ.ਜੋਗਿੰਦਰ ਸਿੰਘ ੫੦/-, ਸ.ਗੁਰਦੀਪ ਸਿੰਘ ੫੦/-, ਸ.ਸੁਰਿੰਦਰ ਸਿੰਘ ੫੦/-, ਦੁਆਬਾ ਫੈਸਨ ੧੦੦/-, ਸ.ਤਰਲੋਚਨ ਸਿੰਘ ੫੦੦/-, ਬੀਬੀ ਗਿਆਨ ਕੌਰ ੧੦੦/-, ਗੁਪਤ ੧੦੦੦/-, ਸ.ਮਾਨ ਸਿੰਘ ੧੦੦/-, ਬੀਬੀ ਗੁਰਪ੍ਰੀਤ ਕੌਰ ੧੦੦/-, ਸ.ਹਰਸਰਨ ਸਿੰਘ ੫੦/-, ਸ.ਤਾਰਾ ਸਿੰਘ ੧੦੦/-, ਬੀਬੀ ਦਲਜੀਤ ਕੌਰ ੨੦੦/-, ਸ.ਜੋਗਿੰਦਰ ਸਿੰਘ ੫੦/-, ਬੀਬੀ ਕੁਲਵੰਤ ਕੌਰ ੫੦/-, ਸ.ਦਵਿੰਦਰ ਸਿੰਘ ੧੦੦/-, ਸ.ਅਜੀਤ ਸਿੰਘ ੫੦/-, ਸ.ਮਦਨਜੀਤ ਸਿੰਘ ੧੦੦/-, ਸ.ਜਸਵੰਤ ਸਿੰਘ ੧੦੦/-, ਸ.ਹਰਜਿੰਦਰ ਸਿੰਘ ੨੦੦/-, ਬੀਬੀ ਜੋਗਿੰਦਰ ਕੌਰ ੨੦/-, ਸ.ਕਰਮ ਸਿੰਘ ੧੦੦/-, ਬੀਬੀ ਕੈਲਾਸ਼ ਕੌਰ ੧੦੦/-, ਬੀਬੀ ਤ੍ਰਿਪਤ ਕੌਰ ੫੦੦/-, ਅਕਾਲ ਓਪਟੀਕਲ ੧੦੦/-, , ਲਵਲੀ ਇਲੈਕਟ੍ਰੀਕਲਸ ੨੦/-, ਨਾਗਪਾਲ ਡਿਪਾਰਟਮੈਂਟ ਸਟੋਰ ੧੦੦/-, ਜੀ.ਕੇ.ਸਟੇਸ਼ਨਰੀ ੨੦/-, ਸ.ਹਰਭਜਨ ਸਿੰਘ ੧੦੦/-, ਸ.ਬਲਦੇਵ ਸਿੰਘ ੧੦੦/-, ਸ.ਕਿਰਪਾਲ ਸਿੰਘ ੧੦੦/-, ਸ.ਹਰਜੀਤ ਸਿੰਘ ੨੦੦/-, ਸ.ਭੁਪਿੰਦਰ ਸਿੰਘ ੧੦੦/-, ਬੀਬੀ ਲਖਬੀਰ ਕੌਰ ੧੦੦/-, ਸ੍ਵਰਗਵਾਸੀ ਸੁਰਜੀਤ ਸਿੰਘ ੨੦੦/-, ਬੀਬੀ ਰਜਮਨਦੀਪ ਕੌਰ ੧੦੦/-, ਸ.ਦਾਰਾ ਸਿੰਘ ੫੦੦/-, ਬੀਬੀ ਸੁਰਜੀਤ ਕੌਰ ੧੦੦/-, ਜੈਮ ਪਬਲਿਕ ਸਕੂਲ ੩੦੦/-, ਸ.ਕਰਮ ਸਿੰਘ ੧੦੦/-, ਸ.ਜਤਿੰਦਰ ਸਿੰਘ ੫੦੦/-, ਗੁਪਤ ੧੦੦/-, ਗੁਪਤ ੧੦੦/-, ਸ.ਬਲਪ੍ਰੀਤ ਸਿੰਘ ੨੦੦/-, ਸ.ਨਾਰੰਗ ਬੈਗ ੨੦/-, ਬੀਬੀ ਇੰਦਰਜੀਤ ਕੌਰ ੨੦੦/-, ਸ.ਰਾਜਵੰਤ ਸਿੰਘ ੨੦੦/-, ਬੀਬੀ ਅੰਮ੍ਰਿਤਪਾਲ ਕੌਰ ੧੦੦੦/-, ਸ.ਹਾਕਮ ਸਿੰਘ ੨੦੦/-, ਸ.ਜਗੀਰ ਸਿੰਘ ੧੦੦/-, ਡਾ.ਅਤਰ ਸਿੰਘ ੫੦੦/-, ਸ.ਗਿਆਨ ਸਿੰਘ ੪੦/-, ਸ.ਕਰਨੈਲ ਸਿੰਘ ੫੦/-, ਸ.ਪ੍ਰਲਾਦ ਸਿੰਘ ੫੦/-, ਸ.ਪਿਆਰਾ ਸਿੰਘ ੫੦/-, ਸ.ਅਮਰੀਕ ਸਿੰਘ ੫੦/-, ਬੀਬੀ ਸੁਰਿੰਦਰ ਕੌਰ ੧੦੦/-, ਬੀਬੀ ਹਰਸਿਮਰਨ ਕੌਰ ੨੦੦/-, ਬੀਬੀ ਇੰਦਰਜੀਤ ਕੌਰ ੨੦੦/-, ਸ.ਰਾਜਿੰਦਰ ਸਿੰਘ ੨੦੦/-, ਸ.ਚਰਨ ਸਿੰਘ ੨੦੦/-, ਸ.ਤਾਰੂ ਸਿੰਘ ੧੦੦/-, ਸ.ਸੁਰਜੀਤ ਸਿੰਘ, ਸ.ਨਿਰਮਲ ਸਿੰਘ ੧੦੦੦/-, ਬੀਬੀ ਸੁਰਜੀਤ ਕੌਰ ੧੦੦/-, ਸ.ਮਹਿੰਦਰ ਸਿੰਘ ੫੦/-, ਸ.ਗੁਰਨਾਮ ਸਿੰਘ ੨੦/-, ਬੀਬੀ ਬਲਜੀਤ ਕੌਰ ੨੦੦/-, ਗੁਪਤ ੫੦/-, ਸ.ਭਾਗ ਸਿੰਘ ੫੦/-, ਮਜੈਸਟਿਕ ਪ੍ਰਿੰਟਿੰਗ ਪ੍ਰੈਸ ੧੦੦੦/-, ਸ.ਗੁਰਬਚਨ ਸਿੰਘ ੫੦੦/-, ਬੀਬੀ ਹਰਿੰਦਰ ਕੌਰ ੧੦੦/-, ਗੁਪਤ ੫੦/-, ਸ.ਸੁਖਪਾਲ ਸਿੰਘ ੧੦੦/-, ਸ.ਹਰਿੰਦਰ ਸਿੰਘ ੨੦੦/-, ਸ.ਗੁਰਵਿੰਦਰ ਸਿੰਘ ੫੦੦/-, ਸ੍ਰੀ.ਸੁਸ਼ੀਲ ੧੦੦/-, ਸ.ਭੁਪਿੰਦਰ ਸਿੰਘ ੨੦੦/-, ਬੀਬੀ ਪਰਮਜੀਤ ਕੌਰ ੧੦੦/-, ਸ.ਮਸਤ ਸਿੰਘ ੫੦/-, ਸ.ਮਨਦੀਪ ਸਿੰਘ ੧੦੦/-, ਬੀਬੀ ਨਵਤੇਜ ਕੌਰ ੧੦੦/-, ਸ੍ਰੀ.ਕੇ.ਪੀ.ਸਿੰਘ ੧੦੦/-, ਸ.ਸਰਬਜੀਤ ਸਿੰਘ ੧੦੦/-, ਸ.ਜਸਬੀਰ ਸਿੰਘ ੫੦/-, ਸ.ਹਰਵਿੰਦਰ ਸਿੰਘ ੧੦੦/-, ਸ.ਪ੍ਰਭਜੋਤ ਸਿੰਘ ੫੦/-, ਸ.ਲੈਂਬਰ ਸਿੰਘ ੫੦/-, ਬੀਬੀ ਹਰਬੰਸ ਕੌਰ ੧੦੦/-, ਸ.ਪ੍ਰਦੁਮਨ ਸਿੰਘ ੧੦੦/-, ਸ.ਗੁਰਦੇਵ ਸਿੰਘ ੫੦/-, ਸ.ਰਾਵਿੰਦਰ ਸਿੰਘ ੧੦੦/-, ਸ.ਰਤਨ ਸਿੰਘ ੨੦/-, ਸ.ਹਰਮਿੰਦਰ ਸਿੰਘ ੧੦੦/-, # ੨੫੪੬/੭੦=੧੦੦/-, ਸ.ਪ੍ਰਿਤਪਾਲ ਸਿੰਘ ੪੦/-, ਗੁਪਤ ੨੦੦/-, ਬੀਬੀ ਸੁਰਜੀਤ ਕੌਰ ੧੦੦/-, ਸ.ਰਣਜੀਤ ਸਿੰਘ ੨੦੦/-, ਬੀਬੀ ਬਲਵਿੰਦਰ ਕੌਰ ੨੦੦/-, ਸ.ਜਸਵੰਤ ਸਿੰਘ ੧੦੦/-, ਸ.ਨਰਿੰਦਰ ਸਿੰਘ ੫੦/-, ਸ.ਅੰਮ੍ਰਿਤਪਾਲ ਸਿੰਘ ੫੦੦/-, ਬੀਬੀ ਪਰਮਜੀਤ ਕੌਰ ੧੦੦/-, ਸ.ਚਰਨਜੀਤ ਸਿੰਘ ੧੦੦/-, ਸ.ਜਗਜੀਤ ਸਿੰਘ ੧੦੦/-, ਸ.ਹਰਕੀਰਤ ਸਿੰਘ ੧੦੦/-, ਸ੍ਰੀ.ਜੀ.ਐਸ.ਭੱਲਾ ੧੦੦੦/-, ਸ.ਨਿਰਮਲ ਸਿੰਘ ੨੦੦/-, ਸ.ਗੁਰਚਰਨ ਸਿੰਘ ੫੦/-, ਸ.ਮਨਮੋਹਨ ਸਿੰਘ ੫੦/-, ਬੀਬੀ ਸੁਰਜੀਤ ਕੌਰ ੫੦/-, ਗੁਪਤ ੫੦/-, ਸ.ਅਮਨਦੀਪ ਸਿੰਘ ੫੦/-, ਸ.ਇੰਦਰਜੀਤ ਸਿੰਘ ੧੦੦/-, ਬੀਬੀ ਇੰਦਰ ਕੌਰ ੫੦/-, ਸ.ਜਗਜੀਤ ਸਿੰਘ ੫੦/-, ਸ.ਅਮਰ ਸਿੰਘ ੫੦੦/-, ਸ.ਇੰਦਰਪਾਲ ਸਿੰਘ, ਸ.ਦਵਿੰਦਰ ਸਿੰਘ ੬੦੦/-, ਸ.ਗੁਰਦੇਵ ਸਿੰਘ ੩੦/-, ਬੀ.ਕੇ.ਫੈਸ਼ਨ ੧੦੦/-, ਸ.ਸਰਬਜੀਤ ਸਿੰਘ ੧੦੦/-, ਬੀਬੀ ਬਲਦੇਵ ਕੌਰ ੧੦੦/-, ਬੀਬੀ ਦਲਜੀਤ ਕੌਰ ੩੦੦੦/-, ਸ.ਕੁਲਵੰਤ ਸਿੰਘ ੧੦੦/-, ਸਟਾਲ ੧੧੬੦/-, ਸ.ਕੁਲਦੀਪ ਸਿੰਘ ੫੦/-, ਸ.ਬਲਬੀਰ ਸਿੰਘ ੧੦੦/-, ਕੈਪਟਨ ਜੇ.ਐਸ.ਉਪਲ ੨੦/-,

## ਖਬਰਾਵਲੀ :

**ਪਾਕਿ ਵਿਚਲੇ ਗੁਰਦੁਆਰਾ ਮੰਜੀ ਸਾਹਿਬ ਦਿਉਕੇ ਦੀਆਂ ਖ਼ਤਮ ਹੋ ਰਹੀਆਂ ਨਿਸ਼ਾਨੀਆਂ :** ਅੰਮ੍ਰਿਤਸਰ, ੨ ਸਤੰਬਰ : ਪਾਕਿਸਤਾਨ ਦੇ ਜਿਲ੍ਹਾ ਸਿਆਲਕੋਟ ਦੇ ਪਸਰੂਰ ਸ਼ਹਿਰ 'ਚ ਸ੍ਰੀ ਗੁਰੂ ਨਾਨਕ ਦੇਵ ਜੀ ਦੀ ਯਾਦਗਾਰ ਗੁਰਦੁਆਰਾ ਮੰਜੀ ਸਾਹਿਬ ਦਿਉਕੇ ਦੀਆਂ ਹੌਲੀ-ਹੌਲੀ ਕਰਕੇ ਲਗਭਗ ਸਭ ਨਿਸ਼ਾਨੀਆਂ ਖ਼ਤਮ ਹੋ ਚੁੱਕੀਆਂ ਹਨ ਅਤੇ ਹੁਣ ਪ੍ਰਵੇਸ਼ ਰਸਤਾ ਹੀ ਬਾਕੀ ਬਚਿਆ ਰਹਿ ਗਿਆ ਹੈ। ਪਾਕਿ ਵਿਚਲੀਆਂ ਸਿੱਖ ਯਾਦਗਾਰਾਂ ਦੇ ਰੱਖ-ਰਖਾਅ ਲਈ ਜੱਦੋ-ਜਹਿਦ ਕਰਦੇ ਆ ਰਹੇ ਵਕੀਲ ਰਾਣਾ ਸ਼ਹਿਬਾਜ਼ ਨੇ ਦੱਸਿਆ ਕਿ ਪਸਰੂਰ 'ਚ ਚਵਿੰਡਾ ਫਾਟਕ ਦੇ ਸਾਹਮਣੇ ਮੌਜੂਦ ਗੁਰਦੁਆਰਾ ਮੰਜੀ ਸਾਹਿਬ ਦੇ ਸਥਾਨ ਤੇ ਗੁਰੂ ਨਾਨਕ ਦੇਵ ਜੀ ਸਿਆਲਕੋਟ ਤੋਂ ਵਾਪਸੀ ਸਮੇਂ ਪਧਾਰੇ ਸਨ। ਜਿੱਥੇ ਗੁਰੂ ਸਾਹਿਬ ਨੇ ਚਰਨ ਪਾਏ, ਉਸ ਅਸਥਾਨ ਨੂੰ 'ਦਿਉਕਾ' ਕਿਹਾ ਜਾਂਦਾ ਸੀ। ਉਨ੍ਹਾਂ ਦੱਸਿਆ ਕਿ ਮਹਾਰਾਜਾ ਰਣਜੀਤ ਸਿੰਘ ਦੇ ਸ਼ਾਸਨ ਸਮੇਂ ਇਥੇ ੫ ਮੁਰੱਬੇ 'ਚ ਬੇਰੀਆਂ ਦੇ ਰੁੱਖ ਲਗਾਏ ਅਤੇ ਗੁਰਦੁਆਰਾ ਸਾਹਿਬ ਦੀ ਆਲੀਸ਼ਾਨ ਇਮਾਰਤ ਉਸਾਰੀ ਗਈ। ਪਿੰਡ ਦੀ ਆਬਾਦੀ 'ਚ ਮੌਜੂਦ ਗੁਰਦੁਆਰਾ ਸਾਹਿਬ ਦੀ ਖੰਡਰ ਹੋ ਚੁੱਕੀ ਇਮਾਰਤ ਦੇ ਚੁਫੇਰੇ ਹੁਣ ਡੂੰਘੀ ਖਾਈ ਪੁੱਟੀ ਗਈ ਹੈ ਅਤੇ ਕੁਝ ਹਿੱਸੇ 'ਚ ਕੰਧ ਉਸਾਰੀ ਗਈ ਹੈ ਤਾਂ ਕਿ ਬਾਕੀ ਰਹਿੰਦੀ ਜਗ੍ਹਾ ਤੇ ਕੋਈ ਕਬਜ਼ਾ ਨਾ ਕਰ ਸਕੇ। ਉਨ੍ਹਾਂ ਦੱਸਿਆ ਕਿ ਗੁਰਦੁਆਰਾ ਸਾਹਿਬ ਦਾ ਪਵਿੱਤਰ ਸਰੋਵਰ ਛੱਪੜ ਦਾ ਰੂਪ ਲੈ ਚੁੱਕਿਆ ਹੈ। ਰਾਣਾ ਸ਼ਾਹਿਬਾਜ਼ ਨੇ ਸਮੂਹ ਸਿੱਖ ਜਥੇਬੰਦੀਆਂ ਤੋਂ ਉਕਤ ਇਤਿਹਾਸਕ ਯਾਦਗਾਰ ਦੀ ਨਵਉਸਾਰੀ ਕਰਵਾਉਣ ਦੀ ਮੰਗ ਕਰਦਿਆਂ ਅਪੀਲ ਕੀਤੀ ਕਿ ਸਿੱਖ ਭਾਈਚਾਰੇ ਨੂੰ ਪਾਕਿ ਵਿਚਲੀਆਂ ਖ਼ਸਤਾ-ਹਾਲ ਸਿੱਖ ਯਾਦਗਾਰਾਂ ਦੇ ਰੱਖ-ਰਖਾਅ ਲਈ ਯੋਗਦਾਨ ਦੇਣਾ ਚਾਹੀਦਾ ਹੈ।

**ਹਰਿਆਣਾ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਕਰਮਜੀਤ ਸਿੰਘ ਵਲੋਂ ਅਸਤੀਫ਼ਾ :** ਚੰਡੀਗੜ੍ਹ, ੩ ਸਤੰਬਰ : ਹਰਿਆਣਾ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਐਡਹਾਕ ਕਮੇਟੀ ਦੇ ਪ੍ਰਧਾਨ ਕਰਮਜੀਤ ਸਿੰਘ ਤੇ ਕਮੇਟੀ ਦੇ ਮੁੱਖ ਸਕੱਤਰ ਗੁਰਵਿੰਦਰ ਧਮੀਜਾ ਨੇ ਆਪਣਾ ਅਸਤੀਫ਼ਾ ਸਰਕਾਰ ਨੂੰ ਭੇਜ ਦਿੱਤਾ ਹੈ। ਐਡਹਾਕ ਕਮੇਟੀ ਦੇ ਦੋਵੇਂ ਹੀ ਅਹੁਦੇਦਾਰਾਂ ਨੇ ਆਪਣਾ ਅਸਤੀਫਾ ਗ੍ਰਹਿ ਵਿਭਾਗ ਦੇ ਵਧੀਕ ਮੁੱਖ ਸਕੱਤਰ ਟੀ.ਵੀ.ਐਸ.ਐਨ. ਪ੍ਰਸਾਦ ਨੂੰ ਸੌਂਪ ਦਿੱਤਾ ਹੈ। ਇਸ ਸੰਬੰਧੀ ਸੂਬਾ ਸਰਕਾਰ ਦੇ ਬੁਲਾਰੇ ਨੇ ਦੱਸਿਆ ਕਿ ਹਰਿਆਣਾ ਦੇ ਸਿੱਖਾਂ ਦੇ ਹਿੱਤਾਂ ਨੂੰ ਧਿਆਨ 'ਚ ਰੱਖਦੇ ਹੋਏ ਮੁੱਖ ਮੰਤਰੀ ਮਨੋਹਰ ਲਾਲ ਦੇ ਯਤਨਾਂ ਨਾਲ ਹਰਿਆਣਾ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦਾ ਰਸਤਾ ਸਾਫ ਹੋਇਆ ਸੀ, ਜਿਸ ਲਈ ਐਡਹਾਕ ਕਮੇਟੀ ਦੇ ਪ੍ਰਧਾਨ ਕਰਮਜੀਤ ਸਿੰਘ ਤੇ ਮੁੱਖ ਸਕੱਤਰ ਗੁਰਵਿੰਦਰ ਧੀਮਜਾ ਚੁਣੇ ਗਏ ਸਨ, ਜਿਨ੍ਹਾਂ ਆਪਣਾ ਅਸਤੀਫ਼ਾ ਸਰਕਾਰ ਨੂੰ ਭੇਜ ਦਿੱਤਾ ਹੈ।

('ਰੋਜਾਨਾ ਅਜੀਤ' ਵਿਚੋਂ ਧੰਨਵਾਦ ਸਹਿਤ)

### ਸੰਸਥਾ ਦੇ ਕਾਰਜਾਂ ਲਈ ਅਗਸਤ 2023 ਵਿੱਚ ਆਨਲਾਇਨ ਆਈ ਸਹਾਇਤਾ

**ਆਨ ਲਾਇਨ** : ੧੦੦+੫੦੦/-, ਸ.ਤਲਵਿੰਦਰ ਸਿੰਘ ੧੦੦੦/, ਸ.ਉਪਜੀਤ ਸਿੰਘ ੫੦੦/-, ਸ.ਕੁਲਵਿੰਦਰ ਸਿੰਘ ੫੧੩/-, ਸ.ਅਮਰਜੀਤ ਸਿੰਘ ੫੦੦/-, ਸ.ਪਰਮਿੰਦਰ ਸਿੰਘ ੨੦੦੦/-, ਸ.ਗੁਰਪ੍ਰੀਤ ਸਿੰਘ ੧੦੦੦/-, ਸ.ਪ੍ਰਮੀਤ ਸਿੰਘ ੨੧੦੦/, ਸ.ਭੁਪਿੰਦਰ ਸਿੰਘ ੨੧/-, ਬੀਬੀ ਰਾਜੇਸ਼ ਕੌਰ ੫੦੦/-, ਸ੍ਰੀ.ਐਮ.ਐਸ.ਖੇਲ ੩੦੦/-, ਸ.ਹਰਦੀਪ ਸਿੰਘ ੫੦੦/-, ਸ.ਨਾਜਰ ਸਿੰਘ ੫੦੦/-,

Date of Publication :1st & 2nd of every Month. Posted Through MB
P.O. Regn. G/CHD/0090/2021-2023
Regd. Newspaper R.N.I. PUNPUN/ 2000/3037
'ਗੁਰਬਾਣੀ ਚਾਨਣੁ' (ਮਾਸਿਕ ਪੱਤ੍ਰਿਕਾ)
If Undelivered Return to: Bhawan No. 6, Phase-3-A (Sec-53)
S.A.S. Nagar, MOHALI (Chandigarh) - 160059 (INDIA)

## ਮਹੀਨਾ ਕੱਤਕ

**ਤੁਖਾਰੀ ਛੰਤ ਮਹਲਾ ੧ ਬਾਰਹ ਮਾਹਾ ॥** (ਅੰਗ-੧੧੦੮)

ਕਤਕਿ ਕਿਰਤੁ ਪਇਆ ਜੋ ਪ੍ਰਭ ਭਾਇਆ ॥ ਦੀਪਕੁ ਸਹਜਿ ਬਲੈ ਤਤਿ ਜਲਾਇਆ ॥ ਦੀਪਕ ਰਸ ਤੇਲੋ ਧਨ ਪਿਰ ਮੇਲੋ ਧਨ ਓਮਾਹੈ ਸਰਸੀ ॥ ਅਵਗਣ ਮਾਰੀ ਮਰੈ ਨ ਸੀਝੈ ਗੁਣਿ ਮਾਰੀ ਤਾ ਮਰਸੀ ॥ ਨਾਮੁ ਭਗਤਿ ਦੇ ਨਿਜ ਘਰਿ ਬੈਠੇ ਅਜਹੁ ਤਿਨਾੜੀ ਆਸਾ ॥ ਨਾਨਕ ਮਿਲਹੁ ਕਪਟ ਦਰ ਖੋਲਹੁ ਏਕ ਘੜੀ ਖਟੁ ਮਾਸਾ ॥੧੨॥

ੴ ਸਤਿਗੁਰ ਪ੍ਰਸਾਦਿ ॥

## ਸੰਸਥਾ 'ਗੁਰਬਾਣੀ ਇਸੁ ਜਗ ਮਹਿ ਚਾਨਣੁ'

ਭਵਨ ਨੰ. 6, ਫੇਜ਼-3-ਏ, ਐਸ.ਏ.ਐਸ.ਨਗਰ (ਮੋਹਾਲੀ) ਵਿਖੇ

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ
ਗੁਰ ਗੱਦੀ ਨਸ਼ੀਨੀ ਗੁਰਪੁਰਬ ਦੇ ਸੰਬੰਧ ਵਿੱਚ

**19 ਨਵੰਬਰ 2023 ਦਿਨ ਐਤਵਾਰ ਨੂੰ**

# ਸਾਲਾਨਾ ਸ਼ਬਦ-ਗੁਰੂ, ਗੁਰਮਤਿ ਸਮਾਗਮ

ਸਵੇਰੇ 10.00 ਵਜੇ ਤੋਂ 02.30 ਵਜੇ ਦੁਪਹਿਰ ਤਕ
ਕਰਵਾਇਆ ਜਾ ਰਿਹਾ ਹੈ

ਪੁੱਛ-ਗਿੱਛ : ਫੋਨ : 0172-2913729, 98156-50812